# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਜਨਵਰੀ ੧੯੭੬




JAN 1976

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਮਿਤੀ-੧੭੧੦-੬੮ ਅ. ਪ.) ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਬ-ਯੱਕ ਇਸ਼ਾਰਾ-ਏ ਅਬਰੂ, ਸ਼ਹੀਦ ਕਰਦ (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਗੁਰਮਤਿ ਰਮਜ਼ਾਂ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਉਸ ਘਾਇਲ ਕਹ ਸੁਟਿਆ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੩ |
| ਨਰਕ ਸੁਰਗ (੨) | ਭਾਈ ਸਾਹਿਬ ਰਣਧੀਰ ਸਿੰਘ ਜੀ | ੪ |
| ਆਪਣਾ ਫ਼ਰਜ਼ ਨਿਭਾ ਤੇ ਸਹੀ (ਕਵਿਤਾ) | ਗਿ: ਕੁਲਦੀਪ ਸਿੰਘ ਜੀ ਦੀਪ | ੭ |
| ਕੋ ਵਿਰਲਾ ਗੁਰਮੁਖਿ ਵੀਚਾਰਸੀ | ਭਾਈ ਰਾਮ ਸਿੰਘ ਜੀ | ੮ |
| ਦਿੱਲੀ ਦੀ ਕੋਤਵਾਲੀ (ਕਵਿਤਾ) | ਸ: ਵਿਧਾਤਾ ਸਿੰਘ ਜੀ ਤੀਰ | ੧੩ |
| ਜਨ ਪਰਉਪਕਾਰੀ ਆਏ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੧੪ |
| ਸਾਧ ਸੰਗਤਿ ਮਿਲਾਪ ਕੋ ਪ੍ਰਤਾਪ | ਭਾਈ ਗੁਰਦਾਸ ਜੀ | ੧੯ |
| ਨਾਨਕ ਅੰਮ੍ਰਿਤ ਮਨੈ ਮਾਹਿ | ਸ: ਅਮਰਜੀਤ ਸਿੰਘ ਜੀ | ੨੦ |
| ਤਿਲਕ ਜੰਞੂ ਰਾਖਾ ਪ੍ਰਭ ਤਾ ਕਾ (ਕਵਿਤਾ) | ਭਾਈ ਦੇਵਾ ਸਿੰਘ ਜੀ ਕਿਰਤੀ | ੨੧ |
| ਗੁਰਪੁਰਬ ਜਲੂਸ ਵਿਚ ਭੰਗੜਾ | ਸੂਰਾ ਪਰਵਾਰ | ੨੨ |
| ਅਨੰਦ ਕਾਰਜਾਂ ਸਮੇਂ ਭੰਗੜੇ ਤੇ ਮੀਟ ਸ਼ਰਾਬ | ,, ,, | ੨੩ |
| ਧਾਰਮਕ ਪੱਤਰਾਂ ਵਿਚ ਗੁਰਬਾਣੀ-ਸਤਿਕਾਰ | ,, ,, | ੨੪ |
| ਰਾਣੀ ਗੋਰਜਾਂ | ਸ: ਵਰਿਆਮ ਸਿੰਘ ਜੀ | ੨੫ |
| ਦਸਮੇਸ਼ ਆਗਮਨ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੨੬ |
| ਗੁਰਸਿੱਖੀ ਪਰਚਾਰ-ਮੁਹਿੰਮ | ਸੂਰਾ ਪਰਵਾਰ | ੨੭ |
| ਤਮਾਕੂ ਦੀ ਸਮਾਜ ਵਿਚ ਵਰਤੋਂ | ਗਿ: ਫ਼ੌਜਾ ਸਿੰਘ ਜੀ | ੨੯ |
| ਭਗਤ ਪੀਪਾ ਜੀ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੩੧ |
| ਕਲਗੀਧਰ ਉਸਤਤਿ (ਕਵਿਤਾ) | ਨਾਇਬ ਸੂਬੇਦਾਰ ਹਰਭਜਨ ਸਿੰਘ ਜੀ | ੩੩ |
| ਸਿਖ ਧਰਮ ਤੇ ਮਾਸ ਸ਼ਰਾਬ | ਜੇ. ਪੀ. ਸੰਗਤ ਸਿੰਘ ਜੀ | ੩੪ |
| ਕਿਧਰ ਜਾਣਾ ਸੀ ਤੇ ਕਿਧਰ ਜਾ ਰਹੇ ਹਾਂ | ਸ: ਭਜਨ ਸਿੰਘ ਜੀ ਭਿੰਡਰ | ੩੯ |
| ਪਰਤੱਖ ਨੂੰ ਪਰਮਾਣ ਦੀ ਲੋੜ ਨਹੀਂ | ਬਾਊ ਮਲ ਸਿੰਘ ਜੀ ਦੀ ਚਿਠੀ | ੪੧ |


## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ੮ ਜਨਵਰੀ

**ਰੈਣ-ਸਬਾਈ ਕੀਰਤਨ**—ਲੁਧਿਆਣਾ, ਗੁਰਦਵਾਰਾ ਰਾਮਗੜ੍ਹੀਆ, ਜੀ. ਟੀ. ਰੋਡ, ਮਿਲਰਗੰਜ, ਨੇੜੇ ਵਿਸ਼ਕਰਮਾ ਚੌਂਕ ਵਿਖੇ ਸ਼ਨੀਵਾਰ 24.1.76 ਦੀ ਰਾਤ ਨੂੰ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਂਕ ਬਾਬਾ ਭੌੜੀ ਵਾਲਾ. ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਲਾਨਾ ਚੰਦਾ ੮-੦੦
ਪਰਦੇਸ ੧੮-੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦-੭੫

ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੦ ਜਨਵਰੀ ੧੯੭੬ ਅੰਕ ੧

## ਬ-ਯੱਕ ਇਸ਼ਾਰਾ-ਇ ਅਬਰੂ, ਸ਼ਹੀਦ ਕਰਦ

ਅਜ਼ ਪੇਸ਼ਿ ਚਸ਼ਮ, ਆਂ ਬੁਤਿ ਨਾ-ਮਿਹਰਬਾਂ ਗੁਜ਼ੱਸ਼ਤ ।
ਜਾਨਾਂ ਗੁਜ਼ੱਸ਼ਤ, ਤਾ ਜ਼ਿ ਰਹਿ ਦੀਦਹ, ਜਾਂ ਗੁਜ਼ੱਸ਼ਤ ॥੧॥

ਰੰਗਸ਼ ਕਬੂਦ ਕਰਦ, ਵ ਦਿਲ ਪੁਰ ਸ਼ਰਾਰਹ ਸਾਖ਼ਤ ।
ਅਜ਼ ਬਸ ਕਿ ਦੂਦਿ ਆਹਿ ਮਨ, ਅਜ਼ ਆਸਮਾਂ ਗੁਜ਼ੱਸ਼ਤ ॥੨॥

ਮਾ ਰਾ, ਬ-ਯਕ ਇਸ਼ਾਰਾ-ਇ ਅਬਰੂ, ਸ਼ਹੀਦ ਕਰਦ ।
ਅਕਨੂੰ ਇਲਾਜ ਨੇਸਤ, ਕਿ ਤੀਰ ਅਜ਼ ਕਮਾਂ ਗੁਜ਼ੱਸ਼ਤ ॥੩॥

ਯੱਕ ਦਮ ਬ-ਖ਼ੇਸ਼ ਰਾਹ ਨ ਬੁਰਦਮ ਕਿ ਕੀਸਤਮ ।
ਐ ਵਾਏ, ਨਕਦਿ ਜ਼ਿੰਦਗੀਅਮ, ਰਾਇਗਾਂ ਗੁਜ਼ੱਸ਼ਤ ॥੪॥

ਹਰਗਿਜ਼ ਬ-ਸੈਰਿ ਰੋਜ਼ਾ-ਇ ਰਿਜ਼ਵਾਂ, ਨਮੇ ਰਵਦ ।
'ਗੋਇਆ' ਕਸੇ ਬਜਾਨਬਿ, ਕੂਏ ਬੁੱਤਾਂ ਗੁਜ਼ੱਸ਼ਤ ॥੫॥

ਪੰਜਾਬੀ ਉਲਥਾ ਵੇਖੋ ਸਫ਼ਾ ੩] ਭਾਈ ਨੰਦਲਾਲ ਜੀ, ਗ਼ਜ਼ਲ ੭

ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ।

www.AKJ.Org

# ਗੁਰਮਤਿ ਰਮਜ਼ਾਂ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

**੧. ਆਤਮ ਰਸ ਆਇਆਂ ਹੀ** ਵਿਸਮਾਦ ਰਸ ਦੀ ਲਖਤਾ ਹੁੰਦੀ ਹੈ। ਆਤਮ ਰਸ ਵਿਚ ਹੀ ਵਿਸਮਾਦ ਰਸ ਅੰਤਰਿ ਆਤਮੇ ਜਾਣਿਆ ਜਾ ਸਕਦਾ ਹੈ। ਉਸ ਤੋਂ ਉਰੇ ਮਾਨਸਕ ਰਸ ਹਨ, ਜੋ ਮਨ ਦੁਆਰਾ ਹੀ ਮਾਣੇ ਜਾ ਸਕਦੇ ਹਨ, ਪਰ ਇਹ ਸਭ ਆਨ-ਰਸ ਹੋਛੇ ਰਸ ਹਨ। ਏਹਨਾਂ ਵਿਚ ਵਿਸਮਾਦ ਦੀ ਝਲਕ ਨਹੀਂ।

**੨. ਆਤਮ ਜੀਵਨ ਨੂੰ ਅਕਸਰ ਲੋਕੀਂ ਦਿਮਾਗੀ** (Intellectual) ਖੇਡ ਬਣਾਇਆ ਲੋੜਦੇ ਹਨ, ਪਰ ਰੂਹਾਨੀਅਤ (spiritaulism) ਦੇ ਗੂੜ੍ਹ ਆਤਮਿਕ ਭੇਦ ਨੂੰ ਸਮਝਣ ਲਈ ਨਿਰਾ ਮਾਨਸਿਕ ਸ਼ਕਤੀ ਤੇ ਬੁਧੀ ਬਲ (intellectualism) ਦੁਆਰਾ ਕਿਵੇਂ ਤਸੱਲੀ ਹੋ ਸਕਦੀ ਹੈ। ਐਵੇਂ ਦਿਲ ਪਰਚਾਵਾ ਹੀ ਹੈ। ਮਾਨਸਿਕ ਵਿਦਿਆ ਦੇ ਟੀਸੀ ਦੇ ਵਿਦਵਾਨ ਭੀ ਆਤਮਾ ਦੀ ਪ੍ਰਮਾਰਥਿਕ ਕਥਾ (Divinity) ਨੂੰ ਅਧਿਆਤਮਿਕ ਤੇ ਦਾਰਸ਼ਨਿਕ ਵਿਆਖਿਆ (ਅਰਥਾਤ ਫ਼ਿਲਾਸਫ਼ੀ) ਦੁਆਰਾ ਗਾਖ ਨਹੀਂ ਸਕਦੇ। ਪਰਮ ਆਤਮਿਕ ਨੌਈਅਤ ਗਾਖਣ ਪਰਖਣ ਲਈ ਅਧਿਆਤਮਿਕ ਤੇ ਮਾਨਸਿਕ ਬੁਧੀ ਵਾਲੀਆਂ ਅਲਪੱਗ ਕਸੌਟੀਆਂ ਲਾਉਣਾ ਬਹੁਤ ਅਨੁਚਿਤ ਹੈ।

**੩. ਉਚੇਰੀ ਨੇਕੀ ਤੇ ਸਿਆਣਪ** ਇਕ ਇਖ਼ਲਾਕੀ ਦਰਜਾ ਹੈ। ਕਈ ਸਜਣ ਸਿਆਣਪ (Wisdom) ਦਾ ਭਾਵ ਅਸਲੀ ਸਿਆਣਪ ਲੈਂਦੇ ਹਨ, ਜੋ ਕੇਵਲ ਸਚੀ ਸਿਆਣਪ (True - wisdom) ਦਾ ਭਾਵ ਹੋ ਸਕਦਾ ਹੈ; ਪਰ ਸਹਿਜ ਅਵਸਥਾ ਵਿਚ (Divine-wisdom) (ਅਗੰਮੀ ਤੇ ਰੱਬੀ ਸਮਝ) ਖੁਲ੍ਹਦੀ ਹੈ, ਜੋ ਫ਼ਿਲਾਸਫ਼ਰਾਂ ਦੀ ਬੁੱਧੀ (Reason) ਅਤੇ ਸਿਆਣਪ (Wisdom) ਤੋਂ ਵਿਲੱਖਣ ਹੈ। ਸਹਿਜ ਅਵਸਥਾ ਦਾ ਜੋ ਵਰਨਣ ਗੁਰਬਾਣੀ ਦੇ ਏਸ ਪ੍ਰਮਾਣ "ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨਾ ਜਾਇ ॥ ......ਕਹੈ ਨਾਨਕੁ ਗੁਰਪਰਸਾਦੀ ਸਹਜੁ ਉਪਜੈ ਇਹ ਸਹਸਾ ਇਵ ਜਾਇ" ਵਿਚ ਹੈ, ਉਸ ਨਾਲ ਦਿਮਾਗੀ ਬੁੱਧੀ ਤੇ ਵਿਚਾਰ ਦਾ ਕੀ ਵਾਸਤਾ!

**੪. ਨਾਮ ਸਿਮਰਨ ਤੇ ਸਚ ਕਮਾਵਣਾ** ਦੋ ਵਖੋ ਵਖ ਗੱਲਾਂ ਨਹੀਂ, ਸਗੋਂ ਇਕ ਹੀ ਹਨ; ਬਲਕਿ ਨਾਮ ਸਿਮਰਨਾ ਹੀ ਸਚ ਕਮਾਵਣਾ ਹੈ, ਜੈਸਾ ਕਿ ਗੁਰਵਾਕ ਹੈ:—"ਸਚਿ ਸਿਮਰਿਐ ਹੋਵੈ ਪਰਗਾਸੁ ॥" ਅਰਥਾਤ ਨਾਮ ਸਿਮਰਨ ਦੁਆਰਾ ਹੀ ਪਰਗਾਸ ਹੁੰਦਾ ਹੈ, ਤਾਂ ਤੇ ਨਾਮ ਸਿਮਰਨਾ ਹੀ ਸਚ ਕਮਾਵਣਾ ਹੈ।

**੫. ਹਉਮੈ ਦਾ ਨਾਸ਼ ਗੁਰਮਤਿ ਅਨੁਸਾਰ** ਨਾਮ ਦੁਆਰਾ ਹੀ ਹੁੰਦਾ ਹੈ। ਇਸ ਦੀ ਪ੍ਰੋੜ੍ਹਤਾ ਵਿਚ ਅਨੇਕਾਂ ਹੀ ਗੁਰ-ਪ੍ਰਮਾਣ ਹਨ। ਹਉਮੈ ਦੇ ਬਿਨਾਸ਼ ਦਾ ਦਾਰੂ ਹੀ ਨਾਮ ਹੈ। ਨਾਮ ਦੁਆਰਾ ਹੀ ਹਉਮੈ ਦਾ ਬਿਨਾਸ਼ ਹੁੰਦਾ ਹੈ। ਤੇ ਨਾਮ ਦੁਆਰਾ ਹੀ ਲਿਵ ਲਗਦੀ ਹੈ।

**੬. ਤੱਤ ਗਿਆਨ ਦਾ** ਸਰੂਪ ਹਿਰਦੇ ਅੰਦਰ ਪ੍ਰਕਾਸ਼ ਹੁੰਦਾ ਹੈ ਤਾਂ ਇਸ ਦਾ ਅੰਤਰ ਆਤਮੇ ਪ੍ਰਕਾਸ਼ ਹੁੰਦਾ ਹੈ, ਜਿਹਾ ਕਿ:—

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥
[ਸੁਖਮਨੀ ਸਾਹਿਬ, ਅਸਟ: ੧੭

**੭, ਨਾਮ ਵਿਚ ਲਿਵ** ਲਗੀ ਤੋਂ ਆਪਾ ਪਛਾਣੀਦਾ ਹੈ, ਜਿਹਾ ਕਿ:—

ਗੁਰਮੁਖਿ ਅਪੁ ਪਛਾਣੈ ਸੰਤਹੁ ਰਾਮਨਾਮਿ
ਲਿਵਲਾਈ। [ਰਾਮਕਲੀ ਮਹਲਾ ੩, ਪੰਨਾ ੯੧੦

**੮. ਗੁਰੂ ਸਾਹਿਬ ਦਾ ਹੁਕਮਾਂ ਸਿਰ ਹੁਕਮ** ਸਿਫਤ ਸਲਾਹ ਅਰਥਾਤ ਨਾਮ ਸਿਮਰਨ ਹੈ। ਯਥਾ—

ਏਕੋ ਨਾਮੁ ਹੁਕਮੁ ਹੈ ਨਾਨਕ
ਸਤਿਗੁਰਿ ਦੀਆ ਬੁਝਾਇ ਜੀਉ ॥੫॥
[ਸਿਰੀ ਰਾਗ ਮ: ੧, ਪੰਨਾ ੭੨

ਸੋ ਹੁਕਮ ਮੰਨਣਾ ਨਾਮ ਜਪਣਾ, ਗੁਰਮੰਤ੍ਰ ਯਾ ਗੁਰ ਸ਼ਬਦਿ ਕਮਾਵਣਾ ਹੀ ਹੈ:—

ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ
ਕਸਵਟੀ ਲਾਇ ॥
[ਵਾਰ ਸਿਰੀ ਰਾਗ ਮ: ੩, ਪੰਨਾ ੮੭



www.AKJ.Org

ਅਰਥਾਤ ਪਾਰਸ ਰੂਪ ਗੁਰ-ਸਬਦਿ (ਨਾਮ) ਦੀ ਕਸੌਟੀ ਦੁਆਰਾ ਹੀ ਗੁਰਮੁਖ ਆਪਣਾ ਮਨ ਮਾਰਦੇ ਹਨ, ਇਹੋ ਹੀ ਹਉਮੈ ਦਾ ਬਿਨਾਸ਼ ਹੈ। ਸਤਿਗੁਰੂ ਦੀ ਸਰਨ ਆਇਆਂ ਤੇ ਗੁਰੂ ਦੁਆਰੇ ਹੋਇ ਕੇ ਗੁਰਮਤਿ-ਨਾਮ ਦੁਆਰਾ ਹੀ ਮਨ ਨਿਰਮਲ ਹੁੰਦਾ ਹੈ। ਜੈਸਾ ਕਿ—"ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ", ਨਹੀਂ ਤਾਂ ਨਿਗੁਰੇ ਮਨਮੁਖ ਨੂੰ ਤਾਂ ਨਾਮ ਦੀ ਪ੍ਰਾਪਤੀ ਹੀ ਨਹੀਂ, ਫੇਰ ਉਸ ਦੇ ਮਨ ਦੀ ਮੈਲ ਕਿਵੇਂ ਧੋਤੀ ਜਾ ਸਕਦੀ ਹੈ। ਯਥਾ—

ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ॥ [ਸਿਰੀ ਰਾਗ ਮ: ੩, ਪੰਨਾ ੩੯

**੯. ਮਨ ਮਾਰਨ ਦੇ ਉਪਾਵਾਂ ਵਿਚੋਂ ਗੁਰਮਤਿ ਦੀਆਂ ਧਾਰਮਿਕ ਪੁਸਤਕਾਂ ਪੜ੍ਹਨਾ ਭੀ ਇਕ ਉਪਾਉ ਹੈ।** ਇਸ ਲਈ ਗੁਰਮਤਿ ਦੀਆਂ ਪੁਸਤਕਾਂ ਪੜ੍ਹਨੀਆਂ ਬਿਰਥੀਆਂ ਨਹੀਂ, ਅਨਮਤ ਵਿਦਿਆ ਦੀਆਂ ਪੁਸਤਕਾਂ ਪੜ੍ਹਨੀਆਂ ਬੇਸ਼ਕ ਬਿਰਥੀਆਂ ਹਨ, ਕਿਉਂਕਿ ਉਹਨਾਂ ਦੇ ਪੜ੍ਹਨ ਤੋਂ ਉਚ ਆਤਮਿਕ ਰਸ ਪ੍ਰਾਪਤ ਨਹੀਂ ਹੁੰਦਾ, ਤੇ ਨ ਹੀ ਮਨ ਦੇ ਮਾਰਨ ਦਾ ਉਪਾਉ ਲਭਦਾ ਹੈ। ਇਸ ਪ੍ਰਥਾਇ ਗੁਰਵਾਕ ਹੈ :—

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥ ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥ ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥

[ਸੋਰਠ ਵਾਰ, ਸਲੋਕ ਮ: ੩, ਪੰਨਾ ੬੫੦

**੧੦. ਗੁਰ ਸ਼ਬਦ ਕਮਾਉਣ ਅਰਥਾਤ ਨਾਮ ਜਪਣ ਨਾਲ ਅਉਗੁਣ ਮਿਟਦੇ ਹਨ,** ਕਿਉਂਕਿ ਨਾਮ ਦਾਰੂ ਹੈ। ਜਿਹਾ ਕਿ "ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ॥

[ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੯

ਪੁਨਾ—"ਭਰੀਐ ਮਤਿ ਪਾਪਾ ਕੇ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥" ਇਹ ਗੱਲ ਨਹੀਂ ਬਣਦੀ ਕਿ ਪਹਿਲਾਂ ਅਉਗੁਣ ਮੇਟੇ ਤਾਂ ਫੇਰ ਨਾਮ ਦੀ ਪ੍ਰਾਪਤੀ ਹੋਵੇ।

**੧੧. ਗੁਰੂ ਪਦ ਦੇ ਅਰਥ** ਸਿਖ ਧਰਮ ਵਿਚ ਅਵਤਾਰਾਂ ਨਾਲੋਂ ਵਿਸ਼ੇਸ ਤੇ ਵਿਲੱਖਣ ਹਨ। ਗੁਰੂ ਅਵਤਾਰ ਅਨਮਤਾਂ ਦੇ ਅਵਤਾਰ ਔਲੀਆਂ, ਪੈਗੰਬਰਾਂ ਨਾਲੋਂ ਬਹੁਤ ਉਚਾ ਦਰਜਾ ਰਖਦਾ ਹੈ। ਏਸ ਸਬੰਧੀ ਗੁਰੂ ਦਸਮ ਪਾਤਸ਼ਾਹ ਨੇ ਬਚਿਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚ ਆਪ ਹੀ ਨਿਰਣਾ ਕੀਤਾ ਹੈ।

["ਗੁਰਮਤਿ ਲੇਖ" ਪੁਸਤਕ ਵਿਚੋਂ

---

## ਉਸ ਘਾਇਲ ਕਰ ਸੁੱਟਿਆ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਪੰਜਾਬੀ ਉਲਥਾ]

ਅੱਖਾਂ ਅਗੋਂ ਲੰਘ ਗਿਆ ਉਹ, ਇਕ ਵੇਰੀ ਪਾ ਫੇਰੀ।
ਕੀ ਲੰਘਿਆ ? ਬਸ ਨਾਲ ਉਸੇ ਦੇ, ਜਿੰਦੜੀ ਟੁਰ ਗਈ ਮੇਰੀ ॥੧॥
ਸਾਡੀ ਆਹ ਦਾ ਧੂੰਆਂ ਉਡ ਉਡ, ਕਰ ਗਿਆ ਐਸੇ ਕਾਰੇ।
ਕਰ ਗਿਆ ਸਾਰਾ ਅੰਬਰ ਕਾਲਾ, ਗਿਆ ਖਿਲਾਰ ਅੰਗਾਰੇ ॥੨॥
ਇਕ ਭਵਾਂ ਦੀ ਸੈਨਤ ਕਰ ਕੇ, ਉਸ ਘਾਇਲ ਕਰ ਸੁੱਟਿਆ।
ਹੁਣ ਨਾ ਮਰੁਮ ਕੋਈ ਵੀ ਪੁੰਹਦੀ, ਤੀਰ ਕਮਾਨੋਂ ਛੁੱਟਿਆ ॥੩॥
ਕੀ ਹਾਂ ? ਕੌਣ ਕੋਈ ਹਾਂ, ਇਹ ਨਾ, ਭੁੱਲ ਕੇ ਸੋਚ ਦੁੜਾਈ।
ਲੱਖ ਅਫ਼ਸੋਸ ਅਕਾਰਥ ਏਦਾਂ, ਜੀਵਨ-ਰਾਸ ਗਵਾਈ ॥੪॥
ਜੋ ਦਿਲਬਰ ਦੀ ਇਸ਼ਕ-ਗਲੀ ਚੋਂ, ਇਕ ਵਾਰੀ ਲੰਘ ਜਾਵੇ।
'ਗੋਇਆ' ਨਹੀਂ ਸੁਰਗ ਵਲ ਜਾਂਦਾ, ਸਗੋਂ ਉਨੂ ਠੁਕਰਾਵੇ ॥੫॥

[ਸ: ਵਿਧਾਤਾ ਸਿੰਘ ਜੀ 'ਤੀਰ'



www.AKJ.Org

# ਨਰਕ ਸੁਰਗ (੨)

[ਵਲੋਂ :–ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕ ਪਾਤੀ ਹੋਵਤ ਸੁਆਨੁ...॥੧॥...ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮਰਾਇ ਤਿਸੁ ਕਰੇ ਖੁਆਰੀ ॥ ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ॥ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥...ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ॥ ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਾਵੈ ॥...॥੩॥... ਜਬ ਲਗੁ ਮੋਹ ਮਗਨੁ ਸੰਗਿ ਮਾਇ ॥ ਤਬ ਲਗੁ ਧਰਮ ਰਾਇ ਦੇਇ ਸਜਾਇ ॥...॥੪॥

[ਸੁਖਮਨੀ, ਅਸਟਪਦੀ ੧੨

ਭਾਵ, ਰਾਜ-ਅਭਿਮਾਨੀਆਂ ਨੂੰ ਜ਼ਰੂਰ ਨਰਕ ਵਿਚ ਨਿਵਾਸ ਮਿਲਦਾ ਹੈ। ਰਾਜ-ਅਭਿਮਾਨੀ ਸਚ ਮੁਚ ਨਰਕ-ਪਾਤੀ ਸੁਆਨ (ਕੁਤੇ ਦੀ ਨਿਆਈਂ) ਨਰਕ ਵਿਚ ਭਉਂਦੇ ਹਨ। **'ਤਪੋਂ ਰਾਜ ਰਾਜੋਂ ਨਰਕ'** ਦੀ ਕਹਾਵਤ ਭੀ ਠੀਕ ਤਿਨ੍ਹਾਂ ਤੇ ਢੁਕਦੀ ਹੈ। ਜਿਹੜੇ ਹੰਕਾਰੀ ਪੁਰਸ਼ ਆਪਣੇ ਹੰਕਾਰ ਵਿਚ ਮੱਤੇ ਹੋਇ ਕਿਸੇ ਨੂੰ ਕੁਛ ਕਰ ਕੇ ਨਹੀਂ ਜਾਣਦੇ ਤਿਨ੍ਹਾਂ ਨੂੰ ਅੱਗੇ ਗਇਆਂ ਧਰਮ ਰਾਜਾ ਨਰਕਾਂ ਵਿਚ ਪਾ ਕੇ ਖੁਆਰ ਕਰਦਾ ਹੈ। ਗੁਰ ਪ੍ਰਸਾਦਿ ਕਰਕੇ ਜਿਨ੍ਹਾਂ ਦਾ ਅਭਿਮਾਨ ਹੰਕਾਰ ਮਿਟ ਜਾਂਦਾ ਹੈ ਤਿਨ੍ਹਾਂ ਨਾਮ-ਰੱਤਿਆਂ ਨੂੰ ਦਰਗਹ ਅੰਦਰ ਸਗੋਂ ਪਰਵਾਣਤਾ ਮਿਲਦੀ ਹੈ। ਨਾਮ ਦੀ ਸੁਕ੍ਰਿਤ ਕਰਨੀ ਹੀ ਨਰਕ ਨਿਵਾਰਨ ਨੂੰ ਸਮਰੱਥ ਹੈ । ਅਨਿਕ ਪ੍ਰਕਾਰ ਦੀ ਆਨਮਤ ਕਰਮ-ਕਰਤੂਤੀ-ਤਪੱਸਿਆ ਕੀਤੀ ਕਿਸੇ ਕੰਮ ਨਹੀਂ, ਨਿਰਾ ਹੰਕਾਰ ਹੀ ਵਧਾਂਦੀ ਹੈ। ਇਛਾ-ਪੂਰਤੀ ਨਮਿਤ ਤਪੱਸਿਆ ਕੀਤੀ ਹੋਈ ਨਰਕਾਂ ਸੁਰਗਾਂ ਦੇ ਗੇੜ ਵਿਚ ਭੁਆਉਂਦੀ ਹੈ। ਤਪੱਸਿਆ ਕਰਨਹਾਰੇ ਨੂੰ ਹਰਿ ਦਰਗਹਿ ਪੁਜਣ ਦਾ ਪਾਤਰ ਨਹੀਂ ਬਣਾਉਂਦੀ, ਕਿਉਂਕਿ ਹਠ-ਧਰਮੀ ਤਪੱਸਿਆ ਕੀਤਿਆਂ ਆਤਮ ਨਹੀਂ ਦ੍ਰਵਦਾ ਅਤੇ ਆਤਮ ਦ੍ਰਵੇ ਬਿਨਾ ਹਰਿ ਦਰਗਹਿ ਪਰਵੇਸ਼ਤਾ ਦਾ ਅਧਿਕਾਰੀ ਨਹੀਂ ਬਣ ਸਕੀਦਾ ।

ਤਪੱਸਿਆ ਆਦਿਕ ਯਤਨ ਕੇਵਲ ਮਾਇਕ ਮਨੋਰਥਾਂ ਦੀ ਇਛ-ਪੂਰਤੀ ਖ਼ਾਤਰ ਹੀ ਕੀਤੇ ਜਾਂਦੇ ਹਨ। ਇਸ ਬਿਧਿ ਸਗੋਂ ਹੋਰ ਮੋਹ ਮਾਇਆ ਦੀ ਮਗਨਤਾ ਲਗਨਤਾ ਵਧਦੀ ਹੈ । ਮਾਇਆ ਮੋਹ ਮਗਨਾਣੂਆਂ ਨੂੰ ਅਗੇ ਗਇਆਂ ਧਰਮ ਰਾਇ ਸਜਾਈਂ ਦੇਵੰਦਾ ਹੈ। ਇਸ ਗੁਰਵਾਕ ਤੋਂ ਨਰਕ ਭੀ ਸਿਧ ਹੁੰਦੇ ਹਨ ਅਤੇ ਧਰਮ ਰਾਇ ਦੀ ਹੋਂਦ ਭੀ ਸਿਧ ਹੁੰਦੀ ਹੈ। ਨਾਮ-ਹੀਣਿਆਂ ਨੂੰ ਹੀ ਦੋਹਾਂ ਨਾਲ ਵਾਸਤਾ ਪੈਂਦਾ ਹੈ ਅਤੇ ਪੈਂਦਾ ਜ਼ਰੂਰ ਹੈ, ਟਲਦਾ ਨਹੀਂ। ਸੱਚ ਕਰ ਕੇ ਮੰਨਣਾ। ਅਗਲੀ ਪਉੜੀ ਵਿਚ ਵਰਨਣ ਹੈ ਤੇ ਗੁਰੂ ਘਰ ਦੇ ਸਚੇ ਸੰਤ ਜਨਾਂ ਦੇ ਦੋਖੀਆਂ ਨੂੰ ਭੀ ਨਰਕ ਦੀ ਸਜਾਇ ਭੁਗਤਣੀ ਪੈਂਦੀ ਹੈ । ਯਥਾ ਗੁਰਵਾਕ :–

ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥ ਸੰਤ ਕੈ ਦੂਖਨਿ ਨਰਕ ਮਹਿ ਪਾਇ ॥

[ਸੁਖਮਨੀ, ਅਸਟਪਦੀ ੧੩

ਤਾਂ ਤੇ ਸਾਕਤ ਨਿੰਦਕਾਂ ਨੂੰ ਨਰਕ ਵਿਚ ਅਵੱਸ਼ ਹੀ ਪੈਣਾ ਪਵੇਗਾ। ਅਗੇ ਗਉੜੀ ਥਿਤੀ ਵਿਚ ਭੀ ਇਉਂ ਗੁਰ-ਬਚਨ ਆਉਂਦਾ ਹੈ :–

ਤ੍ਰਿਤੀਆ ਤ੍ਰੈਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥ ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਬਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥੩॥

[ਗਉੜੀ ਥਿਤੀ ਮਹਲਾ ੫, ਪੰਨਾ ੨੯੭

ਭਾਵ, ਤ੍ਰੈ-ਗੁਣੀ-ਬਿਖੈ-ਫਲ-ਬਾਛਾਂ ਵਾਲਿਆਂ ਨੂੰ ਨਰਕ ਸੁਰਗ ਦੇ ਊਚੇ ਨੀਚੇ ਭਉਣਾਂ ਵਿਚ ਭਰਮਣਾ ਪੈਂਦਾ ਹੈ ਅਤੇ ਘਣਾ ਹੀ ਭਤ੍ਰੇਣਾ ਪੈਂਦਾ ਹੈ, ਕਿਤੁੰਕਿ



www.AKJ.Org

ਮੌਤ ਦੇ ਸੰਘਾਰ ਤੋਂ ਕਦੇ ਭੀ ਉਨ੍ਹਾਂ ਦਾ ਛੁਟਕਾਰਾ ਨਹੀਂ ਹੁੰਦਾ। ਮੋਹ ਭਰਮ ਵਿਚ ਗਲ ਤਾਈਂ ਡੁਬਿਆਂ ਦਾ ਮਹਾਂ ਨਰਕ ਵਿਚ ਵਾਸਾ ਹੁੰਦਾ ਹੈ। ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀਉ ਇਹਨਾਂ ਨਰਕੀ ਜੀਵਾਂ ਤੇ ਤਰਸ ਕਰ ਕੇ ਵਾਹਿਗੁਰੂ ਅਗੇ ਅਰਦਾਸ ਕਰਦੇ ਹਨ : ਇਹਨਾਂ ਨਰਕ-ਪਾਤੀ ਜੀਵਾਂ ਨੂੰ ਆਪਣੀ ਕਿਰਪਾ ਕਰ ਕੇ ਹੀ, ਹੇ ਵਾਹਿਗੁਰੂ! ਰਖ ਲੈ, ਇਕ ਤੇਰੀ ਹੀ ਆਸ ਹੈ, ਤੇਰੇ ਬਿਨਾਂ ਕੋਈ ਨਹੀਂ ਰਖ ਸਕਦਾ ਇਹਨਾਂ ਨਰਕ ਦੇ ਭਾਗੀ ਜਨਾਂ ਨੂੰ। ਪਾਪਕਰਮੀ ਜੀਵ, ਗੁਰੂ ਸਾਹਿਬ ਨੂੰ ਨਰਕ ਵਿਚ ਪੈਂਦੇ ਦੀਂਹਦੇ ਹਨ। ਤਦੇ ਤਾਂ ਤ੍ਰਸਮਾਨ ਹੋ ਕੇ ਅਤੇ ਤਰਸ ਖਾ ਕੇ ਅਰਦਾਸ ਕਰਦੇ ਹਨ ਅਤੇ ਪਾਪਿਸਟ ਪੁਰਸ਼ਾਂ ਨੂੰ ਹੀ ਨਰਕ ਦੇ ਸਚੇ ਨਜ਼ਾਰੇ ਤਦੇ ਹੀ ਦ੍ਰਿੜ੍ਹ ਕਰਾਉਂਦੇ ਹਨ ਕਿ ਏਹਨਾਂ ਨੂੰ ਵੀਚਾਰ ਕੇ ਪਾਪ ਕਰਮਾਂ ਤੋਂ ਪਾਪੀ ਪੁਰਸ਼ ਬਾਜ਼ ਆ ਜਾਣ। ਮਹਿਜ਼ ਫੋਕਾ ਡੂੰਮ ਡਰਾਵਾ ਹੀ ਨਹੀਂ ਦਿੰਦੇ, ਐਸਾ ਕਰਨਾ ਸਤਿਵਾਦੀ ਸਤ ਪੁਰਖਾਂ ਗੁਰੂ ਅਵਤਾਰਾਂ ਦਾ ਵਤੀਰਾ ਨਹੀਂ।

ਹਰੀ ਕੀਰਤਨ, ਹਰੀ ਸਿਫਤਿ-ਸਾਲਾਹ ਵਿਚ ਸਿਮਰਨ ਹੋਇਆਂ, ਮੁਜੱਸਮ ਸਿਫਤਿ ਸਾਲਾਹ ਦਾ ਰੂਪ ਹੋਇਆਂ ਸਾਰੇ ਨਰਕ ਨਿਵਾਰੇ ਜਾਂਦੇ ਹਨ ਤੇ ਨਰਕ ਦੇ ਦੁਖ ਹਰੇ ਜਾਂਦੇ ਹਨ ਅਤੇ ਅਨੰਤ ਕਲੇਸ਼ ਭੀ ਹੋੜੇ ਜਾਂਦੇ ਹਨ। ਸੋ ਮੌਤ ਅਤੇ ਜਮ ਦੇ ਭੈ ਭੀ ਦੂਰ ਹੋ ਜਾਂਦੇ ਹਨ। ਯਥਾ ਗੁਰਵਾਕ :—

> ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ ॥ ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ ॥

[ਗਉੜੀ ਥਿਤ ਮ: ੫, ਪੰਨਾ ੨੯੭

ਜਿਨ੍ਹਾਂ ਕਦੇ ਨਰਾਇਣ ਨਹੀਂ ਸਿਮਰਿਆ ਅਤੇ ਸਾਰੀ ਉਮਰ ਬਿਖੇ ਰਸਾਂ ਦੇ ਸੁਆਦਾਂ ਬਿਕਾਰਾਂ ਵਿਚ ਹੀ ਮਤੇ ਹੋਏ ਜਨਮ ਬਤੀਤ ਕਰਦੇ ਹਨ, ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਤਿਨ੍ਹਾਂ ਨਾਮ ਬਿਸਾਰਨਹਾਰਿਆਂ ਬਿਕਾਰੀ ਜੰਤਾਂ ਨੂੰ ਮੁੜ ਮੁੜ ਨਰਕਾਂ ਸੁਰਗਾਂ ਵਿਚ ਹੀ ਘੁੰਮਣਾ ਪੈਂਦਾ ਹੈ। ਯਥਾ ਗੁਰਵਾਕ :—

> ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ ॥ ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ ॥੯॥

[ਗਉੜੀ ਥਿਤੀ, ਪੰ: ੨੯੮

ਅਗਲੇ ਗੁਰਵਾਕ ਦਸਦੇ ਹਨ ਕਿ ਪੂਰੇ ਸਤਿਗੁਰੂ ਦੀ ਨਿੰਦਿਆ ਕਰਨ ਵਾਲਿਆਂ ਦਾ ਕੀ ਹਾਲ ਹੁੰਦਾ ਹੈ :—

> ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥ ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥ ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥

[ਸਲੋਕ ਮ: ੪, ਪੰਨਾ ੩੦੩

> ਜੋ ਨਿੰਦਾ ਕਰੇ ਸਤਿਰਗੁ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥ ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥ ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥ ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥ ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥ ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥ ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥ ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥ ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ ॥ ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥੧॥

[ਵਾਰ ਗਉੜੀ, ਸਲੋਕ ਮ: ੪, ਪੰਨਾ ੩੦੯

ਭਾਵ, ਜੋ ਪ੍ਰਾਣੀ ਸਤਿਗੁਰ ਪੂਰੇ ਦੀ ਨਿੰਦਿਆ ਕਰਦਾ ਹੈ ਉਸ ਨੂੰ ਆਪ ਕਰਤਾ ਪੁਰਖ ਸਜ਼ਾ (ਮਾਰ) ਦਿਵਾਉਂਦਾ ਹੈ (ਮਾਰ ਪਵਾਉਂਦਾ ਹੈ) ਧਰਮਰਾਇ ਪਾਸੋਂ। ਫਿਰ ਉਸ ਨੂੰ ਉਹ ਵੇਲਾ ਹਥਿ ਨਹੀਂ ਆਉਂਦਾ (ਖੁੰਝਿਆ ਹੋਇਆ ਵਕਤ ਪਸਚਾਤਾਪ ਦਾ ਗੁਜ਼ਰ ਜਾਂਦਾ ਹੈ)। ਉਸ ਨੂੰ ਆਪਣਾ ਕੀਤਾ ਆਪ



www.AKJ.Org

ਪਾਉਣਾ ਪੈਂਦਾ ਹੈ। ਅਰਥਾਤ ਨਿੰਦਾ ਕੀਤੇ ਦੀ ਸਜ਼ਾ ਅਵੱਸ਼ ਭੋਗਣੀ ਪੈਂਦੀ ਹੈ। ਆਪਣਾ ਬੀਜਿਆ ਪਾਪਾਂ ਦਾ ਫਲ, ਨਿੰਦਾ ਦੁਸ਼ਟੀ ਦਾ ਫਲ ਜ਼ਰੂਰ ਆਪ ਹੀ ਚਖਣਾ ਪੈਂਦਾ ਹੈ। ਤਿਸ ਨਿੰਦਕ ਦਾ ਮੂੰਹ ਕਾਲਾ ਕਰ ਕੇ ਅਤੇ ਚੋਰ ਵਾਂਗੂੰ ਗਲ ਵਿਚ ਤੌਕ ਪਾ ਕੇ ਤਿਸ ਨੂੰ ਨਰਕ ਘੋਰ ਵਿਚ ਲਿਜਾਇਆ ਜਾਂਦਾ ਹੈ।

ਸਤਿਗੁਰ ਪੂਰੇ ਦੀ ਨਿੰਦਿਆ ਕਰਨ ਵਾਲਾ ਇਸ ਜੱਗ ਵਿਚ ਭੀ ਬੜਾ ਅਉਖਾ ਹੁੰਦਾ ਹੈ ਅਤੇ ਅਗਲ ਲੋਕ ਵਿਚ ਨਰਕ ਘੋਰ ਦੇ ਦੁਖਾਂ ਭਰੇ ਖੂਹ ਤੇ ਫੜ ਕੇ ਉਹ ਢੋਇਆ ਜਾਂਦਾ ਹੈ, ਜਿਥੇ ਉਹਦੀ ਕੂਕ ਪੁਕਾਰ ਕੋਈ ਨਹੀਂ ਸੁਣਦਾ। ਉਹ ਅਤੀ ਦੁਖੀ ਅਤੇ ਔਖਾ ਹੋ ਹੋ ਕੇ ਰੋਂਦਾ ਹੈ। ਤਾਂ ਤੇ ਉਸ ਦੇ ਹਲਤ ਪਲਤ (ਇਹ ਲੋਕ ਤੇ ਅਗਲਾ ਲੋਕ) ਦੋਵੇਂ ਅੰਜਾਈਂ ਗਵਾਏ ਜਾਂਦੇ ਹਨ। ਉਹ ਤੇਲੀ ਦੇ ਬਲਦ ਵਾਂਗੂੰ ਨਿਤ ਨਵੀਂ ਭਲਕ ਕੋਹਲੂ ਵਿਚ ਜੋਇਆ ਜਾਂਦਾ ਹੈ, ਕਰਤੇ ਪੁਰਖ ਦੇ ਹੁਕਮ ਨਾਲ ਇਹ ਸਜ਼ਾਇ ਧਰਮ ਰਾਇ ਉਸ ਨੂੰ ਦਿੰਦਾ ਹੈ ਅਤੇ ਕਰਤਾ ਪੁਰਖ ਆਪ ਸਭ ਕੁਝ ਵੇਖਦਾ ਹੈ, ਉਸ ਤੋਂ ਰਾਈ ਮਾਤਰ ਭੀ ਕੋਈ ਭੇਦ ਗੁਝਾ ਨਹੀਂ ਹੁੰਦਾ। ਉਸ ਦੇ ਦਰ ਦਾ ਸਚਾ ਨਿਆਉਂ ਹੈ ਕਿ ਜੈਸਾ ਕੋਈ ਪੂਰਬਲੇ ਜਨਮ ਵਿਚ ਬੀਜ ਬੋਵੰਦਾ ਹੈ ਤਿਹੋ ਜਿਹਾ ਹੀ ਉਹ ਫਲ ਲੁਣਦਾ ਹੈ। ਜਿਸ ਦੇ ਉਪਰ ਕਰਤਾਰ ਦੀ ਨਦਰ ਮਿਹਰ ਹੁੰਦੀ ਹੈ ਉਸ ਨੂੰ ਝਬਦੇ ਹੀ ਸੁਮਤਿ ਆ ਜਾਂਦੀ ਹੈ, ਮੁੜ ਸਤਿਗੁਰੂ ਦੇ ਚਰਨ ਜਾ ਫੜਦਾ ਹੈ। **ਪਸਚਾ-ਤਾਪ ਕਰ ਕਰ ਰੋਵੰਦਾ ਹੋਇਆ ਸਤਿਗੁਰੂ ਦੇ ਚਰਨ ਧੋ ਦਿੰਦਾ ਹੈ।** ਸਤਿਗੁਰੂ ਉਸ ਤੇ ਮਿਹਰ ਤਰਸ ਖਾ ਕੇ ਉਸ ਨੂੰ ਫੇਰ ਬਖ਼ਸ਼ ਦਿੰਦਾ ਹੈ। ਸਤਿਗੁਰੂ ਦੀ ਚਰਨੀਂ ਲਗ ਕੇ ਉਹ ਫਿਰ ਐਉਂ ਤਰ ਜਾਂਦਾ ਹੈ ਜਿਉਂ ਲੋਹਾ ਕਾਠ ਦੇ ਸੰਗ ਤਰ ਜਾਂਦਾ ਹੈ; ਕਿਉਂਕਿ ਜੋ ਸਤਿਗੁਰੂ ਪ੍ਰਸਾਦਿ ਗੁਰ-ਦੀਖਿਆ ਲੈ ਕੇ ਨਾਮ ਅਭਿਆਸੀ ਅਤੁਟ ਕਮਾਈ ਵਿਚ ਜੁਟ ਜਾਂਦਾ ਹੈ ਤਿਸ ਦਾ ਉਸ ਨੂੰ ਸੁਖ ਹੀ ਸੁਖ, ਸਚਾ ਸੁਖ ਪਰਾਪਤ ਹੁੰਦਾ ਹੈ। ਇਸ ਗੁਰਵਾਕ ਤੋਂ ਨਾ ਹੀ ਸਿਰਫ਼ ਨਰਕ ਦੀ ਹੋਂਦ ਪਰਲੋਕ ਵਿਖੇ ਸਿਧ ਹੋਈ ਬਲਕਿ ਇਹ ਭੀ ਸਿਧ ਹੋਇਆ ਕਿ ਘੋਰ ਨਰਕਾਂ ਵਿਚ ਘੋਰ ਸਜਾਈਂ ਕੋਹਲੂ ਤਿਲ ਪੀੜਨ ਸਾਰਖੀਆਂ ਅਤੇ ਤੇਲੀ ਦੇ ਬਲਦ ਵਾਂਗੂ ਕੋਹਲੂ ਅਗੇ ਜੋੜੇ ਜਾਣ ਦੀਆਂ ਭੀ ਹਨ। ਨਰਕਾਂ ਵਿਚ ਘੋਰ ਬਿਕਰਾਲੀ ਖੂਹ ਭੀ ਹਨ, ਜਿਥੇ ਕਿ ਪਾਪੀ ਪੁਰਸ਼ ਸਿਟੇ ਜਾਂਦੇ ਹਨ ਅਤੇ ਹਾਇ ਹਾਇ ਕਰਦੇ ਹੋਏ ਪਿਟਦੇ ਸੜਦੇ ਭੁਜਦੇ ਹਨ। ਅਗਿਆਨੀ ਲੋਕਾਂ ਭਾਣੇ ਇਹ ਐਵੇਂ ਕੁੜਾਵੀਆਂ ਗੱਲਾਂ ਹਨ। ਉਹ ਲੋਕ ਇਹ ਹੁਜਤਾਂ ਪੇਸ਼ ਕਰਦੇ ਹਨ, ਸਰੀਰ ਤਾਂ ਮਰ ਕੇ ਇਥੇ ਹੀ ਰਹਿ ਜਾਂਦਾ ਹੈ, ਅਗੇ ਸਜ਼ਾ ਕਿਸਨੂੰ ਮਿਲਦੀ ਹੈ। ਇਹ ਉਹਨਾਂ ਦਾ ਭਰਮ ਭੁਲਾਵਾ ਹੈ। **ਸਜ਼ਾਵਾਂ ਉਸ ਸੂਖਮ ਸਰੀਰੀ ਜੀਵ ਨੂੰ ਮਿਲਦੀਆਂ ਹਨ ਜਿਸ ਜੀਵ ਨੂੰ ਜਨਮ ਮਰਣ ਆਵਾ ਗਵਣ ਦੇ ਚਕਰ ਵਿਚ ਪੈਣਾ ਪੈਂਦਾ ਹੈ।** ਇਸ ਵਿਸ਼ੇ ਨੂੰ ਆਵਾ ਗਵਣ ਦੇ ਕਾਂਡ ਵਿਚ ਸੋਧ ਕੇ ਨਿਖਾਰਿਆ ਜਾਵੇਗਾ।

ਪਰ ਜੋ ਅਕ੍ਰਿਤਘਣ ਤੇ ਖੋਟੇ ਕੂੜਿਆਰ ਹਨ, ਆਪਣੀ ਦੁਕ੍ਰਿਤ ਕਰਨੀ ਵਿਚ ਗਲਤਾਨ ਰਹਿੰਦੇ ਹਨ, ਉਹਨਾਂ ਅਕਿਰਤਘਣਾਂ ਦਾ ਨਰਕ ਘੋਰ ਹੀ ਥਾਨ ਹੈ, ਜਿਥੇ ਉਹ ਸਿਟੇ ਜਾਂਦ ਹਨ ਅਤੇ ਜਿਥੇ ਘਣੇ ਦੁਖ ਉਹਨਾਂ ਨੂੰ ਭੁਗਤਣੇ ਪੈਂਦੇ ਹਨ। ਇਹ ਉਹਨਾਂ ਨੂੰ ਉਹਨਾਂ ਦੇ ਕੀਤੇ ਦੀ ਸਜ਼ਾ ਹੀ ਭੁਗਤਾਉਣਹਾਰਾ ਭੁਗਤਾਉਂਦਾ ਹੈ। ਉਹ ਹਰਾਮ ਦੀ ਮੌਤ ਹੀ ਮਰਦੇ ਹਨ, ਆਪ ਮਾਰਨਹਾਰਾ ਮਾਲਕ ਇਸ ਮੌਤੇ ਉਹਨਾਂ ਨੂੰ ਮਾਰਦਾ ਹੈ। ਯਥਾ ਗੁਰਵਾਕ :—

ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ
ਕਾ ਥਾਨੁ ॥ ਤਿਨਿ ਪ੍ਰਭਿ ਮਾਰੇ ਨਾਨਕਾ ਹੋਇ
ਹੋਇ ਮੁਏ ਹਰਾਮੁ ॥੧॥

[ਸਲੋਕ ਮ: ੫, ਪੰਨਾ ੩੧੫

ਵਾਹਿਗੁਰੂ ਨਾਮ ਦੇ ਨਾ ਜਪਣ ਵਾਲਿਆਂ ਨੂੰ ਨਰਕ ਦੋਜ਼ਕ ਦੀਆਂ ਸਜ਼ਾਵਾਂ ਲਾਜ਼ਮੀ ਤੌਰ ਤੇ ਮਿਲਦੀਆਂ ਹਨ। ਜੋ ਵਾਹਿਗੁਰੂ ਨਾਮ ਨੂੰ ਮੂਲੋਂ ਨਹੀਂ ਵਿਸਾਰਦੇ ਸੋਈ ਇਨ੍ਹਾਂ ਸਜ਼ਾਵਾਂ ਤੋਂ ਬਚਦੇ ਹਨ। ਯਥਾ ਗੁਰਵਾਕ :—

ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ



www.AKJ.Org

ਮੂਲਿ ॥ ਹਰਿ ਛੋਡਨਿ ਤੇ ਦੁਰਜਨਾ ਪਵਹਿ ਦੋਜਕ ਕੈ ਸੂਲਿ ॥੨॥ [ਮ: ੫, ਪੰਨਾ ੩੨੨

ਸ਼ਾਸਤਰ ਬੇਦ ਕੇਵਲ ਪਾਪ ਪੁੰਨ ਕਰਮ ਅਕਰਮ ਦਾ ਵੀਚਾਰ ਵੀਚਾਰਨਾ ਹੀ ਦਸਦੇ ਹਨ, ਨਾਮ ਨਹੀਂ ਦਿੜਾਉਂਦੇ; ਜਿਸ ਕਰਕੇ ਸ਼ਾਸਤਰ ਬੇਦ-ਬੀਚਾਰੀਆਂ ਨੂੰ ਨਰਕਾਂ ਸੁਰਗਾਂ ਵਿਚ ਹੀ ਮੁੜ ਮੁੜ ਘੁੰਮਣਾ ਪੈਂਦਾ ਹੈ। ਯਥਾ ਗੁਰਵਾਕ :—

ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥
[ਆਸਾ ਮ: ੧, ਪੰਨਾ ੩੯੫

ਇਸ ਭਾਵ ਦੀ ਪ੍ਰੋੜ੍ਹਤਾ ਅਗਲਾ ਗੁਰ-ਵਾਕ ਕਰਦਾ ਹੈ;—

ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ ॥
ਬਿਨੁ ਹਰਿਨਾਮ ਨ ਛੂਟਸੀ, ਮਰਿ ਨਰਕ ਸਿਧਾਏ ॥ [ਆਸਾ ਮ. ੧, ਪੰਨਾ ੪੨੦

ਅਰਥਾਤ ਮਨਮੁਖ ਸਾਕਤ ਪੁਰਸ਼ ਨੂੰ ਭਾਵੇਂ ਕਿਤਨਾ ਹੀ ਸਮਝਾਇਆ ਜਾਵੇ, ਉਹ ਕਦੇ ਨਹੀਂ ਸਮਝਦਾ। ਉਹਦੇ ਮਨ ਸਮਝਉਤੀ ਸੋਝੀ ਵਾਲੀਆਂ ਬਾਤਾਂ ਪੋਂਹਦੀਆਂ ਪੁੜਦੀਆਂ ਹੀ ਨਹੀਂ। ਸਤਿਗੁਰੂ ਦੀ ਸਿਖਿਆ ਭੀ ਉਸ ਤੇ ਕੋਈ ਅਸਰ ਨਹੀਂ ਕਰਦੀ। ਨਰਕਾਂ ਵਿਚ ਪਾਉਣ ਵਾਲੀਆਂ ਗੁਰ-ਬੁਝਾਰਤਾਂ ਨੂੰ ਐਵੇਂ ਟਿਚ ਕਰਕੇ ਜਾਣਦਾ ਹੈ। ਬਸ ਉਸ ਦਾ ਛੁਟਕਾਰਾ ਕਦੇ ਨਹੀਂ ਹੁੰਦਾ। ਛੁਟਕਾਰਾ ਹੁੰਦਾ ਹੈ ਨਾਮ ਜਪ ਕੇ। ਨਾਮ ਦੇ ਰਾਹ ਉਹ ਜਾਂਦਾ ਹੀ ਨਹੀਂ, ਅਮੋੜਤਾ ਵਿਚ ਹੀ ਮਰ ਜਾਂਦਾ ਹੈ। ਮਰ ਮਰ ਕੇ ਨਰਕ ਸਿਧਾਂਦਾ ਹੈ। ਇਸ ਗੁਰਵਾਕ ਅੰਦਰ ਭੀ ਉਹਨਾਂ ਲੋਕਾਂ ਲਈ ਸਾਫ਼ ਸਬਕ ਹੈ, ਜਿਹੜੇ ਕਹਿੰਦੇ ਹਨ ਨਰਕ ਸੁਰਗ ਜੇਕਰ ਹੈਨ, ਇਸੇ ਦੁਨੀਆ ਵਿਚ ਹੈਨ, ਅਗੇ ਕੁਛ ਨਹੀਂ। **'ਮਰਿ ਨਰਕ ਸਿਧਾਏ'** ਵਾਲੀ ਪੰਗਤੀ ਪ੍ਰੋੜ੍ਹਤਾ ਕਰਦੀ ਹੈ ਕਿ ਨਾਮ-ਹੀਣ ਮਨਮੁਖ ਸਾਕਤ ਨਰ ਨੂੰ ਮਰ ਕੇ ਨਰਕ ਜਿਧਾਉਣਾ ਪੈਂਦਾ ਹੈ।

ਸ਼ਾਸਤਰ ਬਦ-ਬੀਚਾਰੀਆਂ ਨੂੰ ਤਾਂ ਨਰਕ ਸੁਰਗ ਮਿਲਣਾ ਹੀ ਸੀ, ਚਾਰ ਬੇਦਾਂ ਦਾ ਬਕਤਾ ਬ੍ਰਹਮਾ ਭੀ ਨਿਰਾ ਬੇਦ-ਬੀਚਾਰੀ ਹੋਣ ਕਰਕੇ ਨਰਕ ਸੁਰਗ ਦਾ ਅਧਿਕਾਰੀ ਹੀ ਬਣਦਾ ਹੈ, ਕਿਉਂਕਿ ਉਹ ਸਚੜਾ ਹੁਕਮ ਸਾਹਿਬ ਦਾ, ਜੋ ਨਾਮ ਜਪਣ ਦਾ ਹੈ, ਬੁਝਦਾ ਨਹੀਂ। ਇਸ ਬੂਝ ਦੀ ਸੂਝ ਤਾਂ ਆਵੇ ਜੇ ਉਹ ਸਤਿਗੁਰੂ ਦੀ ਸ਼ਰਨੀਂ ਪੈ ਕੇ ਨਿਗੁਰਿਓਂ ਸਗੁਰਾ ਹੋ ਜਾਵੇ। ਯਥਾ ਗੁਰਵਾਕ :—

ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥ ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥
[ਆਸਾ ਮ: ੩, ਪੰਨਾ ੪੨੩

---

# ਆਪਣਾ ਫ਼ਰਜ਼ ਨਿਭਾ ਤੇ ਸਹੀ

[ ਵਲੋਂ:—ਗਿ: ਕੁਲਦੀਪ ਸਿੰਘ ਜੀ 'ਦੀਪ', ੧੪ ਪੰਜਾਬ ਰਜਮੈਂਟ ]

ਪੀ ਕੇ ਅੰਮ੍ਰਿਤ ਖੰਡੇ ਦਾ ਹੋ ਤਿਆਰ ਸਿੰਘਾ, ਐਵੇਂ ਜਨਮ ਹੈ ਤੇਰਾ ਬੇਕਾਰ ਜਾਂਦਾ।
ਕਿਉਂ ਬੇਗੁਰਾ ਹੋ ਕੇ ਜਾਏਂ ਜੱਗ ਉੱਤੋਂ, ਮਨੁੱਖਾ ਜਨਮ ਨਹੀਓਂ ਬਾਰ ਬਾਰ ਆਂਦਾ।
ਤੇਰਾ ਜੱਟਾਂ ਵਧਾਣ ਦਾ ਕੀ ਫ਼ਾਇਦਾ, ਜੀਵਨ ਅਨਮੋਲ ਪਿਆ ਕੌਡਾਂ-ਭਾ ਜਾਂਦਾ।
ਜਾਣ ਬੁੱਝ ਕੇ ਹਨੇਰੇ ਨੂੰ ਗਲ ਲਾਵੇਂ, ਭੁੱਲਿਆ ਕਦੇ ਤਾਂ ਗੁਰੂ-ਦਰ ਆ ਜਾਂਦਾ।
ਸੁਜਾਨ ਸਤਿਗੁਰੂ ਫ਼ਰਜ਼ ਨਿਭਾਈ ਜਾਂਦਾ, ਤੂੰ ਉਸ ਨੂੰ ਆਪਣਾ ਬਣਾ ਤੇ ਸਹੀ।
ਪੀ ਕੇ ਅੰਮ੍ਰਿਤ ਖੰਡੇ ਦਾ ਹੋ ਤਿਆਰ ਸਿੰਘਾ, ਕੁਝ ਆਪਣਾ ਫ਼ਰਜ ਨਿਭਾ ਤੇ ਸਹੀ।
ਕਿਉਂ ਦੌੜਦਾ ਫਿਰਦਾ ਏਂ ਚਾਰੇ ਪਾਸੇ, ਕਦੇ ਭਰੋਸਾ ਕੀਤਾ ਈ ਬਾਣੀ ਉੱਤੇ?
ਕਦੇ ਇਕ-ਮਨ ਹੋ ਨ ਅਰਦਾਸ ਕੀਤੀ, ਫਿਰ ਦੋਸ਼ ਪਿਆ ਲਾਏਂ ਗੁਰਬਾਣੀ ਉੱਤੇ।
ਰਾਹ ਛੱਡ ਕੇ ਪੈ ਗਿਆ ਏਂ ਉਲਟ ਰਾਹੇ, ਫਿਟਕਾਂ ਪੈਣਗੀਆਂ ਤਿਰੀ ਜ਼ਿੰਦਗਾਨੀ ਉੱਤੇ।
ਨਿਮਰੀ-ਭੂਤ ਹੋ ਜੀਉਂ ਅਰਦਾਸ ਕਰ ਤੂੰ, ਆਸ ਰੱਖ ਕੇ ਉਹਦੀ ਮਿਹਰਬਾਨੀ ਉੱਤੇ।
ਸਿੱਖੀ ਤਿੱਖੀ ਹੈ ਖੰਡੇ ਦੀ ਧਾਰ ਨਾਲੋਂ, ਸਿੱਖੀ ਸਿਦਕ ਤੂੰ ਆਪਣਾ ਨਿਭਾ ਤੇ ਸਹੀ।
'ਦੀਪ' ਛਕ ਤੂੰ ਖੰਡੇ ਦੀ ਪਾਹੁਲ ਪਾਵਨ, ਦਿਲੋਂ ਆਪਣਾ ਫ਼ਰਜ਼ ਨਿਭਾ ਤੇ ਸਹੀ।

www.AKJ.Org

# ਕੋ ਵਿਰਲਾ ਗੁਰਮੁਖਿ ਵੀਚਾਰਸੀ

[ ਵਲੋਂ :—ਭਾਈ ਰਾਮ ਸਿੰਘ ਜੀ, ਸਕੁਐਡਰਨ ਲੀਡਰ ]

ਐਸਾ ਵੀਚਾਰਨਾ ਵਿਰਲਿਆਂ ਦੇ ਵਿਰਸੇ ਹੀ ਆਇਆ ਹੈ ਕਿ ਅਕਲ ਕਲਾ ਵਾਹਿਗੁਰੂ ਨੇ ਆਪਣੇ ਧੁਰ ਧੁਰੰਧਰੀ ਹੁਕਮ ਅਨੁਸਾਰ (ਆਪਣੇ ਆਦਿ ਜੁਗਾਦੀ ਪ੍ਰੋਗਰਾਮ ਅਨੁਸਾਰ) ਕਲ਼ਜੁਗ ਵਿਚ ਕਲਾ ਧਾਰ ਕੇ, ਗੁਰੂ ਨਾਨਕ ਸਾਹਿਬ ਦੇ ਰੂਪ ਵਿੱਚ ਪ੍ਰਗਟ ਹੋਣਾ ਸੀ, ਸੋ ਹੋਇਆ। ਰੱਬ ਨੇ ਆਪਿ ਗੁਰੂ ਨਾਨਕ ਸਾਹਿਬ ਦਾ ਰੂਪ ਧਾਰਕੇ ਗੁਰਸਿੱਖੀ ਮਾਰਗ ਚਲਾਇਆ। ਆਪ ਗੁਰੂ ਗੁਰਸਿੱਖੀ ਤੇ ਚਲਿਆ ਅਤੇ ਹੋਰਨਾਂ ਨੂੰ ਇਸ ਮਾਰਗ ਤੇ ਚਲਣ ਦਾ ਉਪਦੇਸ਼ ਗੁਰੂਬਾਣੀ ਦਵਾਰਾ ਦਿੱਤਾ। ਗੁਰਸਿੱਖੀ ਤੇ ਚਲਦਿਆਂ ਹੋਇਆਂ ਗੁਰੂ ਨਾਨਕ ਸਾਹਿਬ ਨੇ ਬਾਲ ਲੀਲ੍ਹਾ ਰਚੀ, ਮੱਝੀਆਂ ਦੇ ਛੇੜੂ ਬਣੇ, ਸੱਚਾ ਸੌਦਾ ਕਰਦਿਆਂ ਪਿਤਾ ਜੀ ਪਾਸੋਂ ਚਪੇੜਾਂ ਖਾਧੀਆਂ, ਮੋਦੀਖਾਨਾ ਚਲਾਇਆ, ਖੇਤੀਬਾੜੀ ਕੀਤੀ, ਦੇਸਾਂ ਦੇਸਾਂਤਰਾਂ ਦਾ ਰਟਨ ਗੁਰਸਿੱਖੀ ਪ੍ਰਚਾਰ ਹਿਤ ਕੀਤਾ, ਗਰਮੀਆਂ, ਸਰਦੀਆਂ, ਝੱਖੜਾਂ, ਉਜਾੜਾਂ, ਬੀਆਬਾਨਾਂ ਦੇ ਤਸੀਹੇ ਸਹੇ, ਭੁੱਖੇ ਤਿਹਾਏ ਰਹੇ, ਬਰਦਾ ਬਣ ਕੇ ਵਿਕ ਗਏ। ਗੁਰਸਿਖੀ ਮਾਰਗ ਤੇ ਚਲਣ ਦਾ ਮਹਿੰਗਾ ਮੁੱਲ ਦਿੱਤਾ।

ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਦੇ ਸਿਖ ਸੇਵਕ ਬਣੇ, ਗੁਰੂ ਨਾਨਕ ਸਾਹਿਬ ਦੇ ਸਨਮੁਖ ਰਹੇ। ਸਤਿਗੁਰਾਂ ਦਾ ਹੁਕਮ ਮੰਨਣਾ ਅਤੇ ਉਨ੍ਹਾਂ ਦੀ ਰਜ਼ਾ ਵਿੱਚ ਰਹਿਣਾ ਹੀ ਆਪਣਾ ਪ੍ਰਯੋਜਨ ਰੱਖਿਆ ਅਤੇ ਆਪਣੀ ਮਤਿ ਦਾ (ਮਨਮਤਿ ਦਾ) ਕਤਈ ਤਿਆਗ ਕਰ ਦਿੱਤਾ। ਇਹ ਕਿਤਨਾ ਕਠਨ ਅਤੇ ਮਹਿੰਗੇ ਭਾ ਦਾ ਰਸਤਾ ਹੈ ਕਿ ਆਪਣੀ ਨਿੱਜੀ ਸੋਚ-ਵਿਚਾਰ ਹੀ ਛੱਡ ਦੇਣੀ। ਆਪਣੇ ਆਪ ਨੂੰ ਸਮੁੱਚੇ ਤੌਰ ਤੇ ਸਤਿਗੁਰਾਂ ਦੇ ਹਵਾਲੇ ਕਰ ਦਿੱਤਾ ਅਤੇ ਕੇਵਲ ਸਤਿਗੁਰਾਂ ਦੇ ਹੁਕਮ ਨੂੰ ਹੀ ਮੁਖ ਰੱਖਿਆ। ਆਪਣੀ ਮਤਿ ਜਾਂ ਚਤੁਰਾਈ ਨੂੰ ਬਿਲਕੁਲ ਹੀ ਤਲਾਂਜਲੀ ਦੇ ਦਿੱਤੀ। ਅਜਿਹਾ ਕੋਈ ਮਖ਼ਸੂਸ ਸਮੇਂ ਲਈ ਨਹੀਂ ਕੀਤਾ ਸਗੋਂ ਉਮਰ ਪ੍ਰਯੰਤ ਹੀ ਇਸ ਤੇ ਡਟੇ ਰਹਿਣ ਦੇ ਕਮਰਕੱਸੇ ਕਰ ਲਏ। ਆਪਣੀ ਮਤਿ ਦਾ ਐਸਾ ਸਪੂਰਨ ਤਿਆਗ ਕਿਸੇ ਵਿਰਲੇ ਦੇ ਭਾਗਾਂ ਵਿੱਚ ਹੀ ਆਇਆ ਹੈ। ਜੇ ਸਾਹਿਬਾਂ ਨੇ ਰਾਤ ਨੂੰ ਦਿਨ ਕਿਹਾ ਹੈ ਤਾਂ ਸੇਵਕ ਨੇ ਪੂਰਨ ਵਿਸ਼ਵਾਸ ਸਹਿਤ ਕਿਹਾ ਹੈ ਕਿ "ਹਾਂ ਜੀ ਦਿਨ ਹੈ"।ਜੇ ਸਾਹਿਬਾਂ ਨੇ ਦਰੱਖ਼ਤ ਉੱਤੇ ਚੜ੍ਹ ਕੇ ਮਿਠਿਆਈ ਝਾੜਨ ਲਈ ਕਿਹਾ ਹੈ ਤਾਂ ਸੇਵਕ ਨੇ ਤੁਰਤ ਫੁਰਤ ਨਿਸਚਾ ਧਾਰ ਦਰੱਖਤ ਤੇ ਚੜ੍ਹ ਕੇ ਦਰੱਖਤ ਨੂੰ ਮਿਠਿਆਈ ਝਾੜਨ ਹਿਤ ਜ਼ੋਰ ਜ਼ੋਰ ਨਾਲ ਹਲੂਣਾ ਦਿੱਤਾ ਹੈ ਤਾਂ ਜੁ ਸੰਗਤਾਂ ਦੇ ਛਕਣ ਜੋਗੀ ਕਾਫ਼ੀ ਮਿਠਿਆਈ ਝੜ ਪਵੇ। ਜਦ ਤੱਕ ਸਾਹਿਬਾਂ ਨੇ ਬੱਸ ਕਰਨ ਦਾ ਹੁਕਮ ਨਹੀਂ ਦਿੱਤਾ ਸੇਵਕ ਮਿਠਿਆਈ ਝਾੜੀ ਹੀ ਗਿਆ ਹੈ ਅਤੇ ਸੰਗਤਾਂ ਛੱਕ ਛੱਕ ਕੇ ਪਸੰਨ ਹੁੰਦੀਆਂ ਗਈਆਂ ਹਨ। ਭਾਈ ਲਹਿਣਾ ਜੀ ਨੇ ਆਪਣੀ ਮਤਿ ਛੋਡਿ, ਗੁਰੂ ਦੀ ਮਤਿ ਐਸੀ ਗ੍ਰਹਿਣ ਕਰੀ ਕਿ ਗੁਰ ਪ੍ਰਸਾਦਿ ਸੇਵਕ ਤੋਂ ਨਾਨਕ ਹੀ ਬਣ ਗਏ।

ਅਮਰਦਾਸ ਜੀ ਦਾ ਜੀਵਨ ਤੱਕੋ—ਪਿਛਲੀ ਬਿਰਧ ਅਵਸਥਾ ਵਿੱਚ, ਜਦੋਂ ਕਿ ਆਮ ਮਨੁੱਖ ਤੁਰਨ ਫਿਰਨ ਲਈ ਡੰਗੋਰੀ ਦਾ ਆਸਰਾ ਢੂੰਡਦਾ ਹੈ, ਆਪਣੇ ਸਰੀਰ ਦੀ ਦੇਖ-ਭਾਲ ਵਾਸਤੇ ਸਾਕ ਸੈਣ ਵੱਲ ਤੱਕਦਾ ਹੈ, ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਜੀ ਦੇ ਇਸ਼ਨਾਨਿਆਂ ਵਾਸਤੇ ਖੰਡੂਰ ਸਾਹਿਬ ਜਲ ਢੋਣ ਦੀ ਕਰੜੀ ਸੇਵਾ ਸੰਭਾਲ ਲਈ। ਅਤੇ ਜਲ ਭੀ ਦਰਿਆ ਬਿਆਸ ਦਾ, ਜੋ ਕਿ ਤਿੰਨ ਮੀਲ ਦੀ ਦੂਰੀ ਤੇ ਚਲ ਰਿਹਾ ਸੀ। ਅੱਧੀ ਰਾਤ ਤੋਂ ਪਹਿਲੋਂ ਹੀ ਅਮਰਦਾਸ ਜੀ ਨੇ ਦਰਿਆ ਵੱਲ ਚਾਲੇ ਪਾ ਦੇਣੇ, ਤਾਂ ਜੁ ਅੰਮ੍ਰਿਤ ਵੇਲੇ ਨੂੰ ਠੀਕ ਵਕਤ ਸਿਰ ਤਾਜ਼ਾ ਜਲ ਦੀ ਗਾਗਰ ਸਾਹਿਬਾਂ ਦੇ ਇਸ਼ਨਾਨ-ਅਸਥਾਨ ਉੱਤੇ ਪਹੁੰਚਾ ਦਿੱਤੀ ਜਾਵੇ। ਉਸ ਸਮੇਂ ਖੰਡੂਰ ਸਾਹਿਬ ਅਤੇ ਬਿਆਸ ਦਰਿਆ ਦੇ ਵਿਚਕਾਰ ਕੋਈ ਜਰਨੈਲੀ ਸੜਕ ਨਹੀਂ ਸੀ। ਕਿਤੇ ਡੰਡੀ, ਕਿਤੇ ਵੱਟਾਂ, ਕਿਤੇ ਟੋਏ, ਕਿਤੇ



www.AKJ.Org

ਟੋਏ, ਕਿਤੇ ਟਿੱਬੇ, ਕਿਤੇ ਡਾਂਡੇ ਮੀਂਡੇ, ਕਿਤੇ ਝਾੜੀਆਂ, ਦਰੱਖਤਾਂ, ਖੇਤਾਂ, ਬੀਆਬਾਨਾਂ ਵਾਲਾ ਹੀ ਰਸਤਾ ਸੀ। ਓਨ੍ਹੀਂ ਦਿਨੀਂ ਨਾ ਬੱਤੀ ਨਾ ਟਾਰਚ, ਹਨੇਰੇ ਵਿੱਚ ਹੱਥ ਪਸਾਰਿਆਂ ਨਜ਼ਰ ਨਹੀਂ ਸੀ ਆਉਂਦਾ। ਏਥੇ ਹੀ ਬੱਸ ਨਹੀਂ, ਖਡੂਰ ਸਾਹਿਬ ਤੋਂ ਦਰਿਆ ਵੱਲ ਜਾਂਦੇ ਹੋਏ ਅਮਰਦਾਸ ਜੀ ਪੁੱਠੇ ਪੈਰੀਂ ਜਾਂਦੇ, ਅਤੇ ਆਪਣਾ ਮੁਖ ਹਮੇਸ਼ਾਂ ਸਤਿਗੁਰਾਂ ਵੱਲ ਹੀ ਰਖਦੇ (ਕਦੇ ਭੀ ਸਤਿਗੁਰਾਂ ਵੱਲ ਆਪਣੀ ਪਿੱਠ ਨਾ ਕਰਦੇ) ਇਹ ਕਿਤਨਾ ਕਠਨ ਹੈ। ਹਨੇਰੀਆਂ ਰਾਤਾਂ ਵਿਚ ਗਰਮੀਆਂ, ਸਰਦੀਆਂ, ਝੱਖੜਾਂ, ਬਾਰਸ਼ਾਂ, ਸਿਆਲੀ ਠੱਕਿਆਂ ਆਦਿ, ਦੀ ਪ੍ਰਵਾਹ ਨਾ ਕਰਦੇ ਹੋਏ ਔਝੜਾਂ ਬੀਆਬਾਨਾਂ ਵਿੱਚੋਂ ਦੀ ਸੀਸ ਤੇ ਗਾਗਰ ਰੱਖ ਕੇ ਛੇ ਮੀਲਾਂ ਦੀ ਮਹਾਂ ਕਰੜੀ ਯਾਤਰਾ ਕਰਦੇ। ਅਤੇ ਇਹ ਪ੍ਰੋਗਰਾਮ ਕੋਈ ਦਿਨਾਂ ਜਾਂ ਹਫ਼ਤਿਆਂ ਜਾਂ ਮਹੀਨਿਆਂ ਤੱਕ ਦਾ ਨਹੀਂ ਸੀ, ਬਲਕਿ ਚੱਲ ਸੋ ਚੱਲ ਲਗਾਤਾਰ ਇਕ-ਸਾਰ ਬਾਰ੍ਹਾਂ ਬਰਸ ਰਿਹਾ ਅਤੇ ਰੋਮ ਰੋਮ ਵਿਚ ਸਤਿਗੁਰਾਂ ਦੀ ਸੇਵਾ ਕਰਨ ਦਾ ਚਾਅ ਭਰਿਆ ਰਿਹਾ। ਪਾਣੀ ਢੋਣ ਲਈ ਘੋੜਾ, ਖੱਚਰ ਜਾਂ ਹੋਰ ਕਿਸੇ ਬੰਦੋਬਸਤ ਦਾ ਖਿਆਲ ਤੱਕ ਵੀ ਨਾ ਆਇਆ—"ਜਲ ਢੋਵਉ ਇਹ ਸੀਸ ਕਰਿ"।ਨਿੱਜੀ ਸੁੱਖ ਦਾ ਐਸਾ ਤਿਆਗ ਅਤੇ ਗੁਰਸਿੱਖੀ ਮਾਰਗ ਉੱਤੇ ਚਲਣ ਦਾ ਇਤਨਾ ਕਰੜਾ ਅਤੇ ਮਹਿੰਗਾ ਮੁੱਲ ਦਿੱਤਾ! ਇਸ ਮਹਿੰਗੇ ਮੁੱਲ ਦੇਣ ਦਾ ਨਤੀਜਾ ਕੀ ਨਿਕਲਿਆ? ਅਮਰਦਾਸ ਜੀ ਗੁਰੂ ਕਿਰਪਾ ਦਵਾਰਾ ਗੁਰੂ ਰੂਪ ਹੋ ਗਏ ਅਤੇ ਗੁਰੂ ਅਮਰਦਾਸ ਜੀ ਕਹਿਲਾਏ।

ਏਸੇ ਲੜੀ ਨੂੰ ਅੱਗੇ ਤੋਰਦੇ ਹੋਏ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰੀਏ ਕਿ ਗੁਰਸਿੱਖੀ ਮਾਰਗ ਤੇ ਚਲਦਿਆਂ ਹੋਇਆਂ ਨੇ ਤੱਤੀ ਲੋਹ ਉੱਤੇ ਚੌਂਕੜੇ ਸਜਾਏ, ਤੱਤੀ ਰੇਤ (ਭੁੱਜੀ ਹੋਈ) ਸੀਸ ਉੱਤੇ ਝੱਲੀ, ਉਬਲਦੀ ਦੇਗ ਵਿੱਚ ਬੈਠਣਾ ਪਰਵਾਨ ਕੀਤਾ, ਉਹ ਭੀ ਗਰਮੀਆਂ ਦੇ ਅੱਤ ਗਰਮ ਮਹੀਨੇ ਵਿੱਚ, ਕੜਕਦੀ ਧੁੱਪ ਅੰਦਰ (ਰੌਂਗਟੇ ਖੜੇ ਹੋ ਜਾਂਦੇ ਹਨ ਜਦ ਇਹ ਨਕਸ਼ਾ ਅੱਖਾਂ ਸਾਹਮਣੇ ਆਉਂਦਾ ਹੈ)। ਇਤਨਾ ਕਸ਼ਟ! ਹੱਦ ਟੁੱਟ ਗਈ। ਆਪਣੀ ਜਾਨ ਦੀ ਕੁਰਬਾਨੀ ਅੱਤ ਕਠਨ ਤਸੀਹਿਆਂ ਦੀ ਛਾਂਟਿਆ ਥੱਲੇ ਦਿੱਤੀ। ਇਤਨਾ ਮਹਿੰਗਾ ਮੁੱਲ ਗੁਰਸਿੱਖੀ ਮਾਰਗ ਤੇ ਚੱਲਣ ਦਾ ਅਦਾਅ ਕੀਤਾ!

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਤੇ ਸ਼ਹੀਦੀ ਤੋਂ ਪਹਿਲੋਂ ਸਰੀਰਕ ਕਸ਼ਟ! ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਕੁਰਬਾਨੀਆਂ। ਸਰਬੰਸ-ਦਾਨੀ ਸਤਿਗੁਰ ਪਿਤਾ ਜੀ ਨੂੰ ਆਪਣੇ ਹਥੀਂ, ਮਜ਼ਲੂਮਾਂ ਦੀ ਰਕਸ਼ਾ ਹਿਤ ਸੀਸ ਦੀ ਭੇਟਾ ਦੇਣ ਵਾਸਤੇ ਦਿੱਲੀ ਨੂੰ ਵਿਦਾ ਕੀਤਾ। ਦੋ ਸਾਹਿਬਜ਼ਾਦੇ ਬ-ਖ਼ੁਸ਼ੀ, ਚੜ੍ਹਦੀਆਂ ਕਲਾ ਵਿੱਚ, ਅਕਾਲ ਦੀ ਫ਼ਤਹ ਗਜਾਉਂਦੇ ਹੋਏ ਨੀਹਾਂ ਵਿੱਚ ਚਿਣੇ ਗਏ। ਮਾਤਾ ਜੀ ਕੁਰਬਾਨ ਹੋਏ। ਦੋ ਸਾਹਿਬਜ਼ਾਦੇ ਥਾਪੜਾ ਦੇ ਕੇ ਹੱਥੀਂ ਧਰਮ-ਯੁੱਧ ਵਿੱਚ ਤੋਰ ਦਿਤੇ। ਬੇਅੰਤ ਗੁਰੂ ਦੇ ਸਿੱਖ, ਹੀਰੇ, ਲਾਲ ਪਿਆਰੇ, ਗੁਰਸਿੱਖੀ ਤੋਂ ਇਕ ਦੂਜੇ ਦੇ ਅੱਗੇ ਹੋ ਹੋ ਕੇ, ਹੱਸ ਹੱਸ ਕੇ ਰੰਗਾਂ ਵਿੱਚ ਧਰਮ-ਯੁੱਧ ਵਿੱਚ ਜੂਝ ਗਏ। ਜੇ ਚਾਹੁੰਦੇ ਤਾਂ ਪੂਰਾਂ ਦੇ ਪੂਰ ਵਕਤ ਦੀ ਹਕੂਮਤ ਪਾਸੋਂ ਹਰ ਕਿਸਮ ਦੇ ਸੁਖ ਹਾਸਲ ਕਰ ਸਕਦੇ ਸਨ, ਪਰ ਇੰਜ ਨਹੀਂ ਕੀਤਾ। ਗੁਰਸਿੱਖੀ ਮਾਰਗ ਤੇ ਚਲਦੇ ਹੋਏ, ਗੁਰ ਹੁਕਮਾਂ ਅੱਗੇ ਸੀਸ ਨਿਵਾਉਂਦੇ ਹੋਏ, ਗੁਰੂ ਦੀ ਖ਼ੁਸ਼ੀ ਪ੍ਰਾਪਤ ਕਰਨ ਹਿੱਤ ਟੱਸ ਤੋਂ ਮੱਸ ਨਹੀਂ ਹੋਏ ਅਤੇ ਸਿਰੋਂ ਪਰੇ ਦੁੱਖ ਸਹਾਰਦੇ ਹੋਏ ਆਪਣੀਆਂ ਜਾਨਾਂ ਤੇ ਖੇਲ ਗਏ, ਅਤੇ ਸਦੀਵੀ ਗੁਰੂ-ਖ਼ੁਸ਼ੀ ਪ੍ਰਾਪਤ ਕਰ ਕੇ ਨਿਜ ਘਰਿ ਜਾ ਵਾਸਾ ਪਾਇਆ।

ਇਹ ਹੱਦੋਂ ਪਰੇ ਦੀਆਂ ਕੁਰਬਾਨੀਆਂ, ਕਠਨਾਈਆਂ ਅਤੇ ਕਰੜਾਈਆਂ ਅਤੇ ਗੁਰਸਿੱਖੀ ਜੀਵਨ ਜੀਊਣ ਦਾ ਪਰਚਾਰ ਰੱਬ ਨੇ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਦਸਾਂ ਜਾਮਿਆਂ ਵਿੱਚ ਆਪਣੀ ਜੋਤਿ ਧਾਰ ਕੇ ਕਿਉਂ ਕੀਤਾ? ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਗੁਰ ਜੋਤਿ ਬਖ਼ਸ਼ ਕੇ ਗੁਰ-ਗੱਦੀ ਉੱਤੇ ਹਮੇਸ਼ਾ ਲਈ ਅਸਥਾਪਨ ਕਰਨ ਹਿਤ ਇਹ ਸਭ ਰਚਨਾ ਰਚੀ, ਤਾਂ ਜੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਥੱਲੇ ਗੁਰਸਿੱਖ, ਗੁਰਸਿੱਖੀ ਮਾਰਗ ਤੇ ਚਲਦੇ ਹੋਏ, ਨਾਮੁ ਬਾਣੀ ਦਾ ਰਸ ਮਾਣਦੇ ਹੋਏ, ਮਾਣਸ ਜਨਮ



www.AKJ.Org

ਸਫਲਾ ਕਰਦੇ ਹੋਏ, ਮੁਖ ਉਜਲਾ ਲੈ ਕੇ ਹਰਿ ਦਰਗਹਿ ਪੈਧੇ ਜਾਵਣ। ਇਹ ਹੈ ਝਾਕੀ ਅਸਲੀ ਗੁਰਸਿੱਖੀ ਦੀ, ਕਰੜੇ ਅਤੇ ਮਹਿੰਗੇ ਮੁੱਲ ਲਏ ਗੁਰਸਿੱਖੀ-ਜੀਵਨ ਦੀ. ਸਿਰ ਦੇ ਕੇ ਮਹਿੰਗੇ ਮੁੱਲ ਲਏ ਹੋਏ ਗੁਰਸਿੱਖੀ ਜੀਵਨ ਦੀ (ਮੈਤਉਮੋਲਮਹਿੰਗੀਲਈਜੀਅਸਟੈ)।

ਹੁਣ ਦੇਖੋ ਸੌਖੇ, ਅਨੰਦ ਮਈ, ਮੌਜਾਂ ਭਰੇ (ਕਹਾਉਤੀ) ਗੁਰਸਿੱਖੀ ਜੀਵਨ ਦੀ ਝਾਕੀ। ਸੁਖਿਆਰੇ, ਸੁਖ ਮਾਨਣਹਾਰੇ, ਚਾਤੁਰ ਗੁਰਸਿੱਖਾਂ ਨੂੰ ਲੜੀਦਾਰ ਬਾਣੀ (ਜੁੜਤ ਸ਼ਬਦਾਂ ਵਾਲੀ ਰੱਬੀ ਰਜ਼ਾ ਅੰਦਰ ਰਚੀ ਹੋਈ ਬਾਣੀ) ਦਾ ਪਾਠ ਕਰਨਾ ਮੁਸ਼ਕਲ, ਔਖਾ ਅਤੇ ਮਹਿੰਗਾ ਲਗਦਾ ਹੈ। ਇਨ੍ਹਾਂ ਨੇ ਆਪਣੀ ਸਹੂਲਤ ਵਾਸਤੇ ਲੜੀਦਾਰ ਬਾਣੀ ਨੂੰ ਪਦ-ਛੇਦ ਬਾਣੀ ਦਾ ਰੂਪ ਦੇ ਦਿੱਤਾ ਹੈ। ਇਨ੍ਹਾਂ ਦਾ ਖ਼ਿਆਲ ਹੈ ਕਿ ਰੱਬ ਨੇ ਲੜੀਦਾਰ ਬਾਣੀ ਰਚਣ ਦੀ ਗ਼ਲਤੀ ਕੀਤੀ ਹੈ, ਕਿਉਂਕਿ ਲੜੀਦਾਰ ਬਾਣੀ ਨਾਲ ਗੁਰਸਿੱਖੀ ਦਾ ਪਰਚਾਰ ਹੋਣਾ ਅਤਯੰਤ ਮੁਸ਼ਕਿਲ ਅਤੇ ਇਸ ਰਫਤਾਰ ਦੇ ਜ਼ਮਾਨੇ ਵਿੱਚ ਅਸੰਭਵ ਹੈ; ਕਿਸੇ ਦੀ ਅਗਵਾਈ ਲਇਆਂ ਬਿਨਾਂ ਲੜੀਦਾਰ ਬਾਣੀ ਦਾ ਪਾਠ ਨਹੀਂ ਹੋ ਸਕਦਾ; ਪਦ-ਛੇਦ ਬਾਣੀ ਦਾ ਪਾਠ ਪਹਿਲੀ ਦੂਜੀ ਵਿੱਚ ਪੜ੍ਹਨ ਵਾਲੇ ਬੱਚੇ ਭੀ ਕਰ ਸਕਦੇ ਹਨ; ਚੌਥੀ ਪੰਜਵੀਂ ਵਿੱਚ ਪੜ੍ਹਨ ਵਾਲੇ ਬੱਚੇ ਤਾਂ ਅਖੰਡ ਪਾਠ ਭੀ ਕਰ ਸਕਦੇ ਹਨ; ਅਤੇ ਬਾਣੀ ਜ਼ਬਾਨੀ ਕੰਠ ਕਰਨ ਵਿੱਚ ਬੜੀ ਸਹਿਲ ਹੋ ਜਾਂਦੀ ਹੈ। ਸਮੇਂ ਦੀ ਬਹੁਤ ਹੀ ਬਚਤ ਹੋ ਜਾਂਦੀ ਹੈ, ਆਦਿ ਆਦਿ।

ਇਸ ਚਤੁਰਾਈ ਭਰੇ ਵਿਚਾਰ ਵਾਲੇ ਸਿੱਖਾਂ ਨੇ ਇਹ ਨਹੀਂ ਕਦੇ ਸੋਚਿਆ ਕਿ ਰੱਬ, ਜਿਸ ਦਾ ਕਲਜੁਗ ਵਿੱਚ ਬਾਣੀ ਰਚਣ ਦਾ ਆਦਿ ਜੁਗਾਦੀ ਧੁਰ ਧੁਰੰਧਰੀ ਪ੍ਰੋਗਰਾਮ ਸੀ, ਅਤੇ ਜਿਸ ਨੇ ਦੋ ਸੌ ਸਾਲ ਤੋਂ ਉੱਪਰ ਦਾ ਸਮਾਂ ਲੜੀਦਾਰ ਬਾਣੀ ਰਚਣ ਹਿਤ ਦਸ ਗੁਰ-ਜਾਮੇ ਧਾਰ ਕੇ ਲਗਾਇਆ, ਕੀ ਉਸ ਰੱਬ ਨੂੰ ਇਹ ਵੀ ਪਤਾ ਨਹੀਂ ਸੀ ਕਿ ਇਸ ਬਾਣੀ ਦਾ ਸਰੂਪ ਪਦ-ਛੇਦ ਹੋਵੇਗਾ ਜਾਂ ਕਿ ਲੜੀਦਾਰ ? ਕੀ ਇਸ ਦਾ ਇਲਮ ਕੇਵਲ ਚਾਤੁਰ, ਸੁਖ-ਰਹਿਣੇ ਅਤੇ ਢਿੱਲੜ ਸਿੱਖਾਂ ਨੂੰ ਹੀ ਹੋਣਾ ਸੀ ਕਿ ਪਦ-ਛੇਦ ਸਰੂਪ ਠੀਕ ਹੋਵੇਗਾ? ਇਹ ਕੈਸਾ ਕੋੜਾ ਅਤੇ ਮਨਮਤਿ ਭਰਿਆ ਖ਼ਿਆਲ ਹੈ ਕਿ ਰੱਬ ਦੇ ਬਣਾਏ ਪੁਰਸ਼ ਆਪਣੇ ਆਪ ਨੂੰ ਰੱਬ ਨਾਲੋਂ ਜ਼ਿਆਦਾ ਚਤਰ ਦੱਸਣ ਦਾ ਦਾਅਵਾ ਕਰਨ। ਉਨ੍ਹਾਂ ਨੇ ਸ਼ਾਇਦ ਕਦੇ ਵੀ ਇਸ ਸ੍ਰੀ ਮੁਖਵਾਕ ਦਾ ਖ਼ਿਆਲ ਨਹੀਂ ਕਿ "ਹਰਿਜੋਕਿਛੁਕਰੇਸੁਆਪੇਆਪੇਓਹ ਪੂਛਿਨਕਿਸੈਕਰੇਬੀਚਾਰਿ" ॥

ਕੇਵਲ ਗੁਰਬਾਣੀ ਦਾ ਲੜੀਦਾਰ ਸਰੂਪ ਹੀ ਗੁਰੂ ਨਾਨਕ ਸਾਹਿਬ ਦਾ (ਰੱਬ ਦਾ) ਧੁਰ ਧੁਰੰਧਰੀ ਪ੍ਰੋਗਰਾਮ ਸੀ, ਅਤੇ ਇਹੋ ਸਰੂਪ ਰੱਬ ਰਜ਼ਾਈ ਗੁਰ-ਪਰਵਾਨਿਆ ਸਰੂਪ ਹੈ। 'ਇਹਬਾਣੀਮਹਾਪੁਰਖਕੀ", "ਇਹਧੁਰਕੀ ਬਾਣੀਆਈ" ॥ ਮਹਾਂ ਪੁਰਖ ਕੀ ਬਾਣੀ, ਧੁਰ ਕੀ ਬਾਣੀ, ਰੱਬ ਦੀ ਬਾਣੀ ਦੇ ਸਰੂਪ ਬਾਰੇ ਕੋਈ ਝਗੜਾ ਨਹੀਂ ਹੋ ਸਕਦਾ। ਪੂਰੇ ਗੁਰੂ ਦੇ ਮੁਖਾਰਬਿੰਦ ਤੋਂ ਉਚਰੀ ਪੂਰੇ ਪ੍ਰਭੂ ਦੀ ਬਾਣੀ, ਪੂਰੇ ਗੁਰੂ ਦੀ ਹਜ਼ੂਰੀ ਵਿੱਚ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕੱਤਰ ਕਰ ਕੇ ਲਿਖਾਈ ਗਈ ਬਾਣੀ ਦੇ ਸਰੂਪ ਬਾਰੇ ਕਿਸੇ ਕਿਸਮ ਦੇ ਝਗੜੇ ਦੀ ਗੁੰਜਾਇਸ਼ ਨਹੀਂ ਹੈ। ਪੂਰੇ ਗੁਰੂ ਨੇ ਆਪਣੀ ਪੂਰੀ ਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕੇਵਲ ਲੜੀਦਾਰ ਗੁਰਬਾਣੀ ਨਾਲ ਸ਼ਿੰਗਾਰਿਆ ਹੈ। ਗੁਰੂ-ਘਰ ਵਿੱਚ ਕੇਵਲ ਗੁਰੂ ਦੀ ਮਤਿ ਹੀ ਪ੍ਰਵਾਨ ਹੈ। ਆਪਣੀ ਚਤੁਰਾਈ (ਮਨ ਦੀ ਮਤਿ) ਨੂੰ ਤਿਆਗਣ ਦਾ ਹੀ ਹੁਕਮ ਹੈ (ਮਨਕੀਮਤਿਤਿਆਗਹੁਹਰਿਜਨ......, ਏਮਨਚੰਚਲਾਚਤੁਰਾਈਕਿਨੈਨਪਾਇਆ.. ) ਆਪਣੀ ਚਤੁਰਾਈ ਅਤੇ ਮਨ ਦੀ ਮਤਿ ਨੂੰ ਗੁਰਸਿੱਖੀ ਵਿਚ ਕੋਈ ਜਾ ਨਹੀਂ ਹੈ। **ਪਦ-ਛੇਦਤਾ ਨੇ ਮਹਿੰਗੀ ਬਾਣੀ ਨੂੰ ਸਸਤਾ ਕਰ ਦਿੱਤਾ ਹੈ ਅਤੇ ਇਸ ਦੀ ਕਦਰ ਘਟਾਉਣ ਦਾ ਦੋਸ਼ ਪਦ-ਛੇਦੀਆਂ ਨੇ ਆਪਣੇ ਸਿਰ ਲੈ ਲਿਆ ਹੈ।** ਇਸ ਉੱਤੇ ਹੋਰ ਡੂੰਘੀ ਵਿਚਾਰ ਕਰਨ ਨਾਲ ਅਸੀਂ ਦੇਖਾਂਗੇ ਕਿ:—

1. ਲੜੀਦਾਰ ਬਾਣੀ ਦਾ ਪਾਠ ਕਰਨ ਵਾਸਤੇ ਬੜੀ ਮੇਹਨਤ ਦੀ ਲੋੜ ਹੈ, ਅਗਵਾਈ ਦੀ ਲੋੜ ਹੈ, ਵਕਤ ਦੀ ਲੋੜ ਹੈ, ਇਹ ਸੌਖਾ ਕੰਮ ਨਹੀਂ ਹੈ। ਕਠਨ ਹੈ, ਮਹਿੰਗਾ ਹੈ, ਅਤੇ ਬਾਣੀ ਦੀ ਕਦਰ ਵਧਾਉਂਦਾ ਹੈ।
2. ਲੜੀਦਾਰ ਬਾਣੀ ਦਾ ਪਾਠ ਕਰਦਿਆਂ ਹੋਇਆਂ



www.AKJ.Org

ਅਤੇ ਕਰਨ ਤੋਂ ਬਾਅਦ ਮਨ ਵਿੱਚ ਹਮੇਸ਼ਾ ਇਹ ਖ਼ਿਆਲ ਰਹੇਗਾ, ਕਿ ਪਤਾ ਨਹੀਂ ਕਿਤਨੀਆਂ ਕੁ ਗ਼ਲਤੀਆਂ ਪਾਠ ਕਰਨ ਵਿੱਚ ਕੀਤੀਆਂ ਹਨ। ਐਸੇ ਖਿਆਲ ਦੇ ਆਉਣ ਨਾਲ ਮਨ ਵਿੱਚ ਨਿਰਮਾਣਤਾ ਆਵੇਗੀ, ਮਨ ਅਰਦਾਸਿ ਵਿੱਚ ਜੁੜ ਕੇ ਸਤਿਗੁਰਾਂ ਪਾਸੋਂ ਬੇਅੰਤ ਹੋ ਗਈਆਂ ਗਲਤੀਆਂ ਦੀ ਮੁਆਫ਼ੀ ਮੰਗੇਗਾ ਅਤੇ ਅੱਗੇ ਤੋਂ ਸ਼ੁੱਧ ਬਾਣੀ ਦੇ ਗਿਆਤ ਦੀ ਜਾਚਨਾ ਕਰੇਗਾ। ਇਸ ਨਾਲ ਮਨ ਵਿੱਚ ਅਹੰਕਾਰ ਪੈਦਾ ਨਹੀਂ ਹੋਵੇਗਾ। ਮਨ ਵਿੱਚ ਗ਼ਰੀਬੀ, ਨਿਰਮਾਣਤਾ ਅਤੇ ਗੁਰਸਿੱਖੀ ਨਾਲ ਪਿਆਰ ਉਭਰ ਉਭਰ ਕੇ ਆਵੇਗਾ। ਇਹ ਗੁਰਮਤਿ ਅਨਕੂਲ ਹੈ—ਗੁਰਮੁਖਿਨਿਮਾਣਾਹੋ''।

ਇਸ ਦੇ ਉਲਟ ਪਦ-ਛੇਦ ਬਾਣੀ ਦਾ ਪਾਠ ਬੜਾ ਹੀ ਸਹਿਲ ਹੁੰਦਾ ਹੈ, ਪਾਠ ਕਰਦਿਆਂ ਅਤੇ ਪਾਠ ਕਰਨ ਦੇ ਪਿੱਛੋਂ ਭੀ ਮਨ ਵਿੱਚ ਸੁਤੇਸਿਧ ਹੀ ਇਹ ਵਿਚਾਰ ਆਏਗਾ ਕਿ, ''ਮੈਂ ਪਾਠ ਸ਼ੁੱਧ ਕੀਤਾ ਹੈ, ਕੋਈ ਗ਼ਲਤੀ ਨਹੀਂ ਕੀਤੀ''। ਇਸ ਨਾਲ ਸੂਖਸ਼ਮ ਅਹੰਕਾਰ ਮਨ ਵਿੱਚ ਆ ਨਿਵਾਸ ਕਰੇਗਾ। ਐਸੇ ਵੀਚਾਰ ਦਾ ਮਨ ਵਿਚ ਆਉਣਾ ਗੁਰਸਿੱਖੀ ਦੇ ਉਲਟ ਹੈ। ਤਾਹੀਓਂ ਹੀ ਸਾਹਿਬਾਂ ਨੇ ਲੜੀਦਾਰ ਬਾਣੀ ਰਚੀ ਹੈ। ਲੜੀਦਾਰ ਗੁਰਬਾਣੀ ਨੂੰ ਪਦ-ਛੇਦ ਰੂਪ ਦੇਣਾ ਸਾਡੀ ਚਤੁਰਾਈ, ਗੁਰੂ ਤੋਂ ਬੇਮੁਖਤਾਈ ਅਤੇ ਪੂਰੇ ਗੁਰੂ ਦੀ ਪੂਰੀ ਮਤਿ ਉੱਤੇ ਗੁਸਤਾਖ਼ੀ ਭਰੀ ਟੀਕਾ ਟਿੱਪਣੀ ਹੈ। ਇਸ ਮਨਮਤਿ ਦੇ ਹਾਮੀ ਭੀ ਨਿਰਦੋਸ਼ ਨਹੀਂ ਰਹਿ ਸਕਦੇ। ਬੱਕਰੇ ਮਾਰਨ ਵਾਲਾ ਕਸਾਈ ਅਤੇ ਬੱਕਰੇ ਨੂੰ ਖਾਣ ਵਾਲਾ ਇਕੋ ਜਿਹੇ ਦੋਸ਼ੀ ਹਨ। ਏਨ੍ਹਾਂ ਦੋਹਾਂ ਨੂੰ ਹੱਲਾ-ਸ਼ੇਰੀ ਦੇਣ ਵਾਲਾ ਵੀ ਬਰਾਬਰ ਦਾ ਹੀ ਦੋਸ਼ੀ ਹੈ।

ਸਾਡੇ ਚਤੁਰ, ਸੁਖ-ਰਹਿਣੇ ਅਤੇ ਸਸਤੇ ਮੁੱਲ ਗੁਰਸਿੱਖੀ ਲੱਭਣ ਵਾਲੇ ਸਿੱਖਾਂ ਨੇ ਗੁਰਬਾਣੀ ਨੂੰ ਪਦ-ਛੇਦ ਕਰਨ ਨਾਲ ਹੀ ਬੱਸ ਨਹੀਂ ਕੀਤੀ, ਸਗੋਂ ਕਈ ਪਾਸੇ ਆਪਣਾ ਹੱਥ ਫੇਰਿਆ ਹੈ। ਅੰਮ੍ਰਿਤ ਵੇਲੇ ਦਾ ਜਾਗਣਾ, ਇਸ਼ਨਾਨ ਕਰਨਾ ਅਤੇ ਗੁਰ-ਦਰਸਾਈ ਬਿਧੀ ਅਨੁਸਾਰ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਛੱਡ ਦਿੱਤੀ ਹੈ। ਉਨ੍ਹਾਂ ਦੇ ਖਿਆਲ ਵਿੱਚ ਇਹ ਆਰਾਮ ਕਰਨ ਦਾ ਵੇਲਾ ਹੈ, ਰੱਬ ਨੂੰ ਤਾਂ ਦਿਨੇ ਵੀ ਵੇਹਲੇ ਵੇਲੇ ਯਾਦ ਕੀਤਾ ਜਾ ਸਕਦਾ ਹੈ (ਕਿਹੜੀ ਲਾਮ ਲੱਗੀ ਹੋਈ ਹੈ)।''ਗੁਰਪੂਜਾਬਿਧਿਸਹਤਕਰੈ'' ਦਾ ਕੋਈ ਖ਼ਿਆਲ ਤਕ ਭੀ ਨਹੀਂ ਹੈ। ਆਪਣੇ ਸਰੀਰਕ ਸੁਖ ਅਤੇ ਆਰਾਮ ਦੀ ਖ਼ਾਤਰ ਹਮੇਸ਼ਾ ਗਾਤਰੇ ਵਿੱਚ ਸਜਾ ਕੇ ਰੱਖਣ ਵਾਲੀ ਕਿਰਪਾਨ ਨੂੰ ਅੱਧੀ ਇੰਚ ਤੋਂ ਭੀ ਛੋਟਾ ਕਰ ਕੇ, ਗਲੋਂ ਲਾਹ ਕੇ ਕੰਘੇ ਉੱਤੇ ਆ ਜੜਿਆ ਹੈ। ਦੁਧਾਰੇ ਖੰਡੇ ਦਾ ਭੀ ਕਿਰਪਾਨ ਵਾਲਾ ਹੀ ਹਸ਼ਰ ਕੀਤਾ ਹੈ। ਏਸੇ ਵਿੱਚ ਹੀ ਸੁਖਿਆਰੇ ਰਹਿਤਧਾਰੀ ਸਿੱਖਾਂ ਦੀ ਪੂਰੀ ਤਸੱਲੀ ਹੈ ਕਿ ਉਨ੍ਹਾਂ ਪਾਸ ਕਿਰਪਾਨ ਭੀ ਹੈ। ਦਾਸ ਨੇ ਇਕ ਪ੍ਰੇਮੀ ਪਾਸ ਕੰਘੇ ਉੱਤੇ ਛੋਟਾ ਜਿਹਾ ਗੋਲ ਸਰਬ ਲੋਹ ਦਾ ਚੱਕਰ ਵੀ ਜੜਿਆ ਦੇਖਿਆ ਹੈ ਜੋਕਿ ਕੜੇ ਦਾ ਨੁਮਾਇੰਦਾ ਹੈ। ਜੇ ਸਰੀਰਕ ਸੁਖਾਂ ਦੀ ਰਫਤਾਰ ਸਾਡੇ ਚਤੁਰ ਵੀਰਾਂ ਨੇ ਏਸੇ ਰਫ਼ਤਾਰ ਤੇ ਰੱਖੀ ਤਾਂ ਸੁਖਿਆਰੇ ਵੀਰਾਂ ਨੂੰ ਜਲਦੀ ਹੀ ਉਹ ਕੰਘੇ ਬਜ਼ਾਰਾਂ ਵਿਚ ਵਿਕਦੇ ਮਿਲ ਪੈਣਗੇ ਜਿਨ੍ਹਾਂ ਉਤੇ ਚਾਰੇ ਕਕਾਰ ਜੜੇ ਹੋਏ ਨਜ਼ਰ ਆਉਣਗੇ, ਕਿਉਂਕਿ ਇਹ ਕਈਆਂ ਨੂੰ ਕਹਿੰਦਿਆਂ ਸੁਣਿਆ ਹੈ ਕਿ ''ਗੁਰਸਿੱਖੀ ਦਾ ਮਨ ਨਾਲ ਤਅੱਲਕ ਹੈ, ਸਰੀਰ ਨਾਲ ਨਹੀਂ। ਮਨ ਕਰ ਕੇ ਅਸੀਂ ਪੱਕੇ ਸਿੱਖ ਹਾਂ। ਗੁਰੂ ਨੂੰ ਪਿਆਰ ਕਰਦੇ ਹਾਂ। ਔਕੜ ਸਮੇਂ ਉਸ ਨੂੰ ਯਾਦ ਕਰਦੇ ਹਾਂ। ਖੁਸ਼ੀ ਸਮੇਂ ਗੁਰਦੁਆਰੇ ਜਾ ਕੇ ਦੇਗ ਕਰਾਉਂਦੇ ਹਾਂ'' ਇਤਆਦਿ। ਸੁਖਾਂ ਦੇ ਮੁਤਲਾਸ਼ੀ ਸਿਖਾਂ ਨੂੰ ਕੇਸਾਂ ਅਤੇ ਦਾੜ੍ਹੀ ਦੇ ਭਾਰ ਦਾ ਇਹਸਾਸ ਹੋ ਰਿਹਾ ਹੈ। ਉਹ ਬਿਲਾ ਨੋਕ ਟੋਕ ਇਨ੍ਹਾਂ ਦੀ ਛਾਂਗਾ ਛਾਂਗੀ ਗੁਪਤ ਜਾਂ ਪਰਗਟ ਤਰੀਕੇ ਨਾਲ ਕਰ ਰਹੇ ਹਨ। ਇਨ੍ਹਾਂ ਦੀ ਰੀਸੇ ਕਾਫ਼ੀ ਪੜ੍ਹੀਆਂ ਲਿਖੀਆਂ ਬੀਬੀਆਂ ਭੀ ਏਸੇ ਇੱਲਤ ਦਾ ਸ਼ਿਕਾਰ ਹੋ ਰਹੀਆਂ ਹਨ। ਜੋ ਭੀ ਰਹਿਤ-ਰਹਿਣੀ ਦੀ ਦੁਰਦਿਸ਼ਾ ਅਸੀਂ ਦੇਖ ਰਹੇ ਹਾਂ ਇਹ ਸਸਤੀ ਅਤੇ ਸੁਖ-ਰਹਿਣੀ ਸਿਖੀ ਦੇ ਮਨਮੁਖ ਮੁਤਲਾਸ਼ੀਆਂ ਨੇ ਹੀ



www.AKJ.Org

ਕੀਤੀ ਹੈ। ਇਨ੍ਹਾਂ ਨੂੰ ਮਨ-ਮਰਜ਼ੀ ਦੀ ਸਿਖੀ ਵਿਚ ਹੀ ਪੂਰਾ ਸੰਸਾਰਕ ਸੁਖ ਨਜ਼ਰ ਆ ਰਿਹਾ ਹੈ।

ਗੁਰਬਾਣੀ ਤਾਂ ਨਾ ਸਿਰਫ਼ ਮਨਮਤਿ ਨੂੰ ਤਿਆਗਣ ਦਾ ਹੀ ਹੁਕਮ ਦੇਂਦੀ ਹੈ ਸਗੋਂ ਮਨਮਤਿ ਦੇ ਧਾਰਨੀਆਂ ਤੋਂ ਭੀ ਦੂਰ ਹੀ ਰਹਿਣ ਦਾ ਉਪਦੇਸ਼ ਦੇਂਦੀ ਹੈ। ਜੈਸਾ ਕਿ ਗੁਰਵਾਕ: "ਮਨਕੀਮਤਿਤਿਆਗਹੁਹਰਿ-ਜਨ"..... ਕਿਉਂਕਿ ਇਸ ਤੋਂ ਬਿਨਾਂ ਅਸਲੀ ਸੁਖ (ਸਦੀਵੀ ਸੁਖ, ਸਚੇ ਸੁਖ) ਦੀ ਪਰਾਪਤੀ ਹੀ ਨਹੀਂ ਹੈ! ਇਸ ਤੋਂ ਅਗੇ ਸ੍ਰੀ ਮੁਖਵਾਕ ਹੁਕਮ ਹੈ, 'ਮਨਮੁਖਿਸਉਕਰਦੋਸਤੀਸੁਖਕਿਪੁਛਹਿਮਿਤ ॥ ਗੁਰਮੁਖਿਸਉਕਰਦੋਸਤੀਸਤਿਗੁਰਸਉਲਾਇਚਿਤੁ ॥ ਜਨਮਮਰਣਕਾਮੂਲਕਟੀਐਤਾਸੁਖਹੋਵੀਮਿਤ" ॥

ਸੁਖ-ਰਹਿਣੀ ਸਿੱਖੀ ਦੇ ਚਤੁਰ ਅਤੇ ਚੰਚਲ ਮੁਤਲਾਸ਼ੀਆਂ ਨੇ ਗੁਰਬਾਣੀ ਦੀ ਪਦ-ਛੇਦਤਾ ਤੋਂ ਅਰੰਭ ਕਰ ਕੇ ਕਿਹੜੀ ਹਾਲਤ ਨੂੰ ਸਿੱਖੀ ਪਹੁੰਚਾ ਦਿੱਤੀ ਹੈ। ਰਹਿਤ ਰਹਿਣੀ ਦਾ ਤਾਂ ਸਫ਼ਾਇਆ ਹੀ ਹੋਂਦਾ ਜਾ ਰਿਹਾ ਏ। ਏਥੇ ਹੀ ਬੱਸ ਨਹੀਂ, ਪਦ-ਛੇਦ ਬੀੜਾਂ ਤੋਂ ਪਾਠ ਅਤਯੰਤ ਸਹਿਲਾ ਹੋ ਜਾਣ ਦੇ ਕਾਰਨ ਕਈ ਗੁਰਦਵਾਰਿਆਂ ਦੇ ਭਾਈਆਂ ਨੇ ਸਸਤੇ ਪਦ-ਛੇਦੀ ਪਾਠੀਆਂ ਦੀ ਮਦਦ ਨਾਲ ਕੁਝਕੁ ਅਖੰਡਪਾਠ ਕਰਵਾ ਕੇ ਰਖੇ ਹੋਏ ਹੁੰਦੇ ਹਨ। ਜੇ ਕਿਸੇ ਕਾਹਲੇ ਸਿੱਖ ਨੇ ਛੇਤੀ ਅਖੰਡਪਾਠ ਕਰਾਉਣਾ ਹੋਵੇ (ਜਿਸ ਪਾਸ ਇੰਤਜ਼ਾਰ ਕਰਨ ਦਾ ਸਮਾਂ ਨਾ ਹੋਵੇ) ਤਾਂ ਉਸ ਪਾਸੋਂ ਪਾਠ ਦੀ ਭੇਟਾ ਲੈ ਕੇ, ਕੀਤੇ ਹੋਏ ਅਖੰਡ ਪਾਠ ਦੀ ਅਰਦਾਸ, ਅਭਿਲਾਖੀ ਜਨ ਦੇ ਨਮਿਤ ਕਰ ਦੇਂਦੇ ਹਨ। ਇਸੇ ਤਰ੍ਹਾਂ ਸਸਤੀ ਸਿਖੀ ਦੇ ਠੇਕੇਦਾਰ 'ਅੰਮ੍ਰਿਤ' ਦੀ ਮਹਾਨ ਪਵਿਤਰ ਦਾਤ ਨੂੰ ਵੀ ਸਸਤੇ ਭਾ ਲਾਈ ਜਾ ਰਹੇ ਹਨ। ਇਸ ਤੋਂ ਪਰੇ ਹੋਰ ਕੀ ਰਹਿ ਗਿਆ ?

ਸੁਖ-ਰਹਿਣੇ ਅਤੇ ਸਸਤੇ ਮੁੱਲ ਗੁਰਸਿੱਖੀ ਦੇ ਲੱਭਣਹਾਰਿਆਂ ਨੂੰ ਇਹ ਸੋਚਣਾ ਚਾਹੀਏ ਕਿ ਪੁਰਾਤਨ ਸਿੰਘ, ਸੂਰਬੀਰ, ਗੁਰੂ ਕੇ ਲਾਲ, ਹੀਰੇ ਗੁਰਸਿਖੀ ਕਮਾਉਂਦੇ ਹੋਏ ਚਰਖੜੀਆਂ ਤੇ ਕਿਉਂ ਚੜ੍ਹ ਗਏ ? ਤੇਲ ਦੇ ਕੜਾਹਿਆਂ ਵਿਚ ਕਿਉਂ ਤਲੇ ਗਏ ? ਹੱਸ ਹੱਸ ਕੇ ਉਨ੍ਹਾਂ ਨੇ ਪੁਠੀਆਂ ਖੱਲਾਂ ਕਿਉਂ ਲੁਹਾ ਲਈਆਂ ? ਖੋਪਰੀਆਂ ਕਿਉਂ ਰੰਬੀਆਂ ਨਾਲ ਉਤਰਵਾ ਲਈਆਂ ? ਬੰਦ ਬੰਦ ਕਿਉਂ ਕਟਵਾਏ ? ਜੀਉਂਦੇ ਜੀਅ ਭਠੀਆਂ ਵਿਚ ਝੋਕਿਆ ਜਾਣਾ ਕਿਉਂ ਖਿੜੇ ਮੱਥੇ ਪ੍ਰਵਾਨ ਕੀਤਾ ? ਗੋਲੀਆਂ ਦੇ ਨਿਸ਼ਾਨੇ ਕਿਉਂ ਬਣੇ ? ਡਾਂਗਾਂ ਦੀਆਂ ਮਾਰਾਂ ਕਿਉਂ ਖਾਧੀਆਂ ? ਘੋੜਿਆਂ ਦੇ ਸੁੰਮਾਂ ਥੱਲੇ ਕਿਉਂ ਵਿਛ ਗਏ ? ਗੱਡੀਆਂ ਥੱਲੇ ਕਿਉਂ ਪੀਸੇ ਗਏ ? ਕਿਉਂ ਗੁਰਸਿਖੀ ਮਾਰਗ ਦੇ ਪਾਂਧੀ ਬਣ ਕੇ, ਘਰਾਂ ਦੇ ਸਭ ਸੁਖ ਤਿਆਗ ਕੇ ਜੰਗਲਾਂ ਵਿਚ ਜਾ ਬਸੇਰੇ ਕੀਤੇ ? ਕੀ ਉਹ ਆਪਣੀ ਚਤੁਰਾਈ ਅਤੇ ਮਨ ਦੀ ਮਤਿ ਵਰਤ ਕੇ, ਦੁਨਿਆਵੀ ਸੁਖ ਨਹੀਂ ਸਨ ਲੱਭ ਸਕਦੇ ? ਪਰ ਇੰਜ ਕੀਤਾ ਨਹੀਂ, ਕਿਉਂਕਿ ਗੁਰ-ਦਰਸਾਈ ਸਿੱਖੀ ਪਿਆਰੀ ਸੀ ਅਤੇ ਇਸ ਵਿਚ ਹੀ ਅਸਲੀ ਸੱਚਾ ਸਦੀਵੀ ਆਤਮਕ ਅਨੰਦ ਸੀ। ਇਸ ਮਾਰਗ ਤੇ ਚਲ ਕੇ ਹੀ ਸਤਿਗੁਰੂ ਦੀ ਖ਼ੁਸ਼ੀ ਪਰਾਪਤ ਹੋ ਸਕਦੀ ਸੀ ਅਤੇ ਹੈ "ਚਾਲਨਿਰਾਲੀਭਗਤਾਂਕੇਰੀਬਿਖਮਮਾਰਗਿਚਲਣਾ...,..ਖਨਿਓਤਿਖੀਬਹੁਤਪਈਣੀ.....,,ਮਿਸਲਫਕੀਰਾਂਗਾਖੜੀ"...... ॥ ਗੁਰਸਿਖੀ ਮਾਰਗ ਦੇ ਪਾਂਧੀਆਂ ਨੇ ਕਿਸੇ ਕੀਮਤ ਤੇ ਭੀ ਇਸ ਮਾਰਗ ਨੂੰ ਨਹੀਂ ਤਿਆਗਿਆ, ਰਸਤੇ ਵਿਚ ਆਈਆਂ ਸਭ ਔਕੜਾਂ ਝੱਲੀਆਂ, ਮੌਤ ਨੂੰ ਹਸ ਹਸ ਕੇ ਜੱਫੀਆਂ ਪਾਈਆਂ। ਇਸ ਤਰ੍ਹਾਂ ਗੁਰਸਿਖੀ ਕਮਾਈ। ਸਸਤੀ ਅਤੇ ਸੌਖੀ ਸਿੱਖੀ ਦੀ ਤਲਾਸ਼ ਨਹੀਂ ਕੀਤੀ, ਜੋ ਅੱਜ ਕੱਲ੍ਹ ਅਸੀਂ ਕਰ ਰਹੇ ਹਾਂ। ਹੋਵ ਗੁਰਸਿਖੀ,ਫਿਰ ਸਸਤੀ ਕੀ ਅਤੇ ਸੌਖੀ ਕੀ ? "ਸੌਖੀ" ਅਤੇ "ਸਸਤੀ" ਇਹ ਦੋਨੋਂ ਸ਼ਬਦ "ਗੁਰਸਿਖੀ" ਨਾਲ ਸਬੰਧਤ ਨਹੀਂ ਹਨ। 'ਗੁਰਸਿਖੀ' ਗੁਰਸਿਖੀ ਹੀ ਹੈ। ਜੇ ਜਾਨ ਦੇ ਕੇ ਭੀ ਗੁਰਸਿਖੀ ਕੇਸਾਂ ਸਵਾਸਾਂ ਸੰਗ ਤੋੜ ਨਿਭ ਜਾਏ ਤਾਂ ਧੰਨ ਭਾਗ!

ਤਾਂ ਤੇ ਸੁਭਾਗ ਇਸ ਗੱਲ ਵਿਚ ਹੀ ਹੈ ਕਿ ਅਸੀਂ ਗੁਰੂ ਦੀ ਮਤਿ ਗ੍ਰਹਿਣ ਕਰੀਏ ਅਤੀ ਆਪਣੀ ਚਤੁਰਾਈ ਦਾ ਤਿਆਗ ਕਰੀਏ। ਅਤੇ ਕੇਵਲ ਲੜੀਦਾਰ ਬਾਣੀ ਪੂਰੇ ਗੁਰੂ-ਦਰਸਾਈ ਅਤੇ ਪੂਰੇ



www.AKJ.Org

# ਦਿੱਲੀ ਦੀ ਕੋਤਵਾਲੀ

[ਵਲੋਂ:–ਵਿਧਾਤਾ ਸਿੰਘ ਜੀ ਤੀਰ]

ਕਿਸੇ ਵਾਸਤੇ, ਪੁਲਿਸ-ਘਰ ਕੋਤਵਾਲੀ।
ਕਿਸੇ ਵਾਸਤੇ, ਹੈ ਇਮਾਰਤ ਹੀ ਖ਼ਾਲੀ।
ਕਵੀ 'ਤੀਰ' ਦੀ ਨਜ਼ਰ ਪਰ ਇਸ 'ਚੋਂ ਵੇਖੇ,
ਸ਼ਹੀਦਾਂ ਦੀ ਚਰਬੀ, ਸ਼ਹਾਦਤ ਦੀ ਲਾਲੀ ॥੧॥
ਇਹ ਪਿੰਜਰ ਹੈ, ਇਸ ਚੋਂ ਗੁਰੂ ਮੈਨੂੰ ਦਿਸਦਾ।
ਨਜ਼ਾਰਾ ਗੁਰੂ, ਰੂ-ਬਰੂ ਮੈਨੂੰ ਦਿਸਦਾ।
ਕਿਤੇ ਆਰੇ ਹੇਠਾਂ ਕਿਤੇ ਦੇਗੇ ਅੰਦਰ,
ਸਿਦਕ ਹੋ ਰਿਹਾ, ਸੁਰਖ਼ਰੂ ਮੈਨੂੰ ਦਿਸਦਾ ॥੨॥
ਇਥੇ ਜ਼ੁਲਮ ਕਰਦਾ ਰਿਹਾ ਹੈਂਸਿਆਰਾ।
ਇਥੇ ਚਮਕਿਆ ਰੋਜ਼, ਖ਼ੂਨੀ ਨਜ਼ਾਰਾ।
ਇਥੇ 'ਬੰਦਾ' ਕੋਹਿਆ, ਕੁਬੰਦੇ ਦੇ ਪੁੱਤਰਾਂ,
ਇਥੇ ਡੁੱਬਾ, ਬੰਦੇ ਨੈਣਾਂ ਦਾ ਤਾਰਾ ॥੩॥
ਕਤਲਗਾਹ ਵੀ ਹੈ ਇਹ, ਅਤੇ ਕੈਦ-ਗਾਹ ਵੀ,
ਸ਼ਹੀਦਾਂ ਦਾ ਘਰ ਵੀ,ਸ਼ਹਾਦਤ ਦਾ ਰਾਹ ਵੀ।
ਇਥੇ ਨੌਵੇਂ ਨਾਨਕ ਨੇ, ਮੰਜ਼ਲ ਵਿਖਾਈ,
ਇਹ ਸਿੱਖੀ ਦਾ ਮੱਕਾ ਹੈ, ਤੇ ਕਰਬਲਾ ਵੀ ॥੪॥
ਦਿਸੇ ਇਸ ਚੋਂ, ਪੀਰੀ ਮੁਰੀਦੀ ਦੀ ਝਾਕੀ।
ਇਸ਼ਕ ਆਸ਼ਕੀ, ਪੁਰ-ਉਮੀਦੀ ਦੀ ਝਾਕੀ।
ਮੇਰੇ ਪੰਥ ਦੀ, ਅਣਖ ਜਾਗੇ ਇਦ੍ਹੇ ਤੋਂ,
ਇਹ ਪਲ ਪਲ ਹੈ ਦਸਦੀ,ਸ਼ਹੀਦੀ ਦੀ ਝਾਕੀ ॥੫॥
ਵਟਾਵਣ ਲੱਗੀ ਹੁਣ ਹੈ, ਨਾਂ ਕੋਤਵਾਲੀ।
ਹੈ ਕਿਉਂਕਿ ਸ਼ਹੀਦਾਂ ਦੀ, ਥਾਂ ਕੋਤਵਾਲੀ।
ਅਮਾਨਤ ਸੀ ਇਹ, ਖ਼ਾਲਸਾ ਪੰਥ ਦੀ ਹੀ,
ਦਿਤੀ ਪੰਥ ਨੂੰ 'ਝਾਅ' ਨੇ, ਤਾਂ ਕੋਤਵਾਲੀ ॥੬॥
ਇਦ੍ਹੇ ਦੀਦ ਲਈ, ਧਾ ਧਾ ਆਵੇਗੀ ਸ਼ਰਧਾ।
ਇਨੂੰ ਸੀਸ ਆ ਆ, ਨਿਵਾਵੇਗੀ ਸ਼ਰਧਾ।
ਪੁਲਿਸ-ਘਰ ਨਹੀਂ, ਹੁਣ ਗੁਰੂ-ਘਰ ਬਣੇਗੀ,
ਇਦ੍ਹੇ ਗੀਤ ਹੁਣ 'ਤੀਰ', ਗਾਵੇਗੀ ਸ਼ਰਧਾ ॥੭॥

---

[੧੨ ਸਫ਼ੇ ਦੀ ਬਾਕੀ]

ਗੁਰੂ-ਦਸਖ਼ਤਾਈ ਬਾਣੀ ਪੜ੍ਹਨ ਦਾ ਅਭਿਆਸ ਕਰੀਏ। ਪੂਰੇ ਪ੍ਰਭੂ ਨੇ ਪੂਰੇ ਗੁਰੂ ਦਵਾਰਾ, ਆਪਣੀ ਪੂਰੀ ਮਤਿ ਅਨੁਸਾਰ ਅਤੇ ਆਪਣੇ ਧੁਰ ਧੁਰੰਦਰੀ ਪ੍ਰੋਗਰਾਮ ਅਨੁਸਾਰ ਜੁੜਤ ਸ਼ਬਦਾਂ ਵਿਚ (ਲੜੀਦਾਰ ਸਰੂਪ ਵਿਚ) ਬਾਣੀ ਰਚੀ। ਪ੍ਰਭੂ ਐਸਾ ਹੀ ਕਰਨਾ ਲੋੜਦਾ ਸੀ। ਸੋ ਸਤਿਗੁਰਾਂ ਨੇ ਐਸਾ ਹੀ ਕੀਤਾ। ਅਸਾਂ ਨੂੰ ਸਤਿਗੁਰਾਂ ਦੇ ਅਨੁਸਾਰੀ ਹੀ ਰਹਿਣਾ ਚਾਹੀਏ, ਉਨ੍ਹਾਂ ਦੀ ਮਰਜ਼ੀ ਤੋਂ ਬਾਹਰ ਨਹੀਂ ਹੋਣਾ ਚਾਹੀਏ।

ਗੁਰਤੇਬਾਹਰਿਕਿਛੁਨਹੀਗੁਰਕੀਤਾਲੋੜੇਸੋਹੋਇ॥

ਜੇ ਅਸੀਂ ਦਸਾਂ ਪਾਤਸ਼ਾਹੀਆਂ ਦੀ ਨਿਰੰਜਨੀ ਜੋਤ, ਗੁਰ ਗੱਦੀ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਖ਼ੁਸ਼ੀਆਂ ਅਤੇ ਬਖ਼ਸ਼ਸ਼ਾਂ ਪਰਾਪਤ ਕਰਨੀਆਂ ਚਾਹੁੰਦੇ ਹਾਂ ਤਾਂ ਸ਼ਾਨੂੰ ਘਾਲ ਕਮਾਈ ਕਰਨੀ ਪਵੇਗੀ। ਮਹਿੰਗਾ ਮੁੱਲ ਲੱਕ ਬੰਨ੍ਹ ਕੇ ਦੇਣਾ ਪਵੇਗਾ। ਮਨਮਤਿ ਨੂੰ ਤਿਆਗਣਾ ਪਵੇਗਾ। ਆਪਣੇ ਘਰਾਂ ਵਿੱਚ ਅਤੇ ਆਪਣੇ ਮਹੱਲੇ ਦੇ ਗੁਰਦਵਾਰਿਆਂ ਅਤੇ ਧਰਮਸਾਲਾਂ ਵਿੱਚ ਲੜੀਦਾਰ ਗੁਰਬਾਣੀ ਦੇ ਸਰੂਪ ਵਾਲੀਆਂ ਬੀੜਾਂ ਦਾ ਪਰਕਾਸ਼ ਕਰਨਾ ਹੀ ਪਵੇਗਾ। ਨਹੀਂ ਤਾਂ "ਮੈਤਉਮੋਲਮਹਿਗੀਲਈਜੀਅਸਟੈ" ਵਾਲੀ ਗੱਲ ਨਹੀਂ ਬਣਨੀ, ਅਤੇ ਗੁਰੂ ਤੋਂ ਬੇਮੁਖਤਾਈ ਵਾਲਾ ਕਲੰਕ ਸਾਡੇ ਸਿਰੋਂ ਨਹੀਂ ਉਤਰਨਾ। ਤਾਂ ਫਿਰ ਗੁਰਸਿਖੀ ਕਿਥੇ? ਅਤੇ ਸਤਿਗੁਰਾਂ ਦੀ ਖ਼ੁਸ਼ੀ ਕਿਥੇ? ਸਸਤੇ ਮੁੱਲ ਗੁਰਸਿਖੀ ਨਹੀਂ ਮਿਲਣੀ। ਆਪਣੀ ਗ਼ਫਲਤ ਭਰੀ (ਝੂਠੇ ਸੁਖਾਂ ਨੂੰ ਲੱਭਣ ਵਾਲੀ ਮਨਮਤਿ ਭਰੀ) ਕੁਮੱਤ ਨੂੰ ਤਿਆਗ ਕੇ, ਚੋਕਸ ਹੋ ਕੇ ਉਠੀਏ ਅਤੇ ਪੂਰੀ ਤਰ੍ਹਾਂ ਸਾਵਧਾਨ ਹੋ ਕੇ ਸਤਿਗੁਰਾਂ ਦੇ ਸਨਮੁਖ ਹੋ ਜਾਈਏ ਅਤੇ ਗੁਰੂ ਦੀ ਮਤਿ, ਕੇਵਲ ਗੁਰੂ ਦੀ ਮੱਤ ਨੂੰ ਹੀ ਗ੍ਰਹਿਣ ਕਰੀਏ। ਜੇ ਹੁਣ ਨਾ ਜਾਗੇ ਤਾਂ ਫਿਰ ਏਥੋਂ ਛੁੜਕਿਆਂ

"ਠੌਰ ਨਾ ਠਾਈ" (ਭਾਈ ਗੁਰਦਾਸ ਜੀ)

ਤਾਂ ਫਿਰ "ਪਿਆਰਾਰਾਵੀਏਜਬਆਵੇਗੀਵਾਰੀ"। ਪਤਾ ਨਹੀਂ, ਉਹ ਵਾਰੀ ਕਦੋਂ ਆਵੇ। ਇਸ ਵਾਸਤੇ ਆਓ, ਉਠੋ ਅਤੇ ਲੜੀਦਾਰ ਗੁਰਬਾਣੀ ਦੇ ਸਰੂਪ ਨੂੰ ਹੀ ਆਪਣਾ ਧੁਰ ਧੁਰੰਧਰੀ ਰੱਬ-ਰਜਾਇਆ ਗੁਰ-ਦਰਸਾਇਆ, ਹਮੇਸ਼ਾ ਲਈ (*Infinity* ਤਕ) ਗੁਰਗੱਦੀ ਦਾ ਮਾਲਕ, ਸੱਚਾ ਇਸ਼ਟ, ਗੁਰਦੇਵ ਸਮਝੀਏ।

www.AKJ.Org

# "ਜਨ ਪਰਉਪਕਾਰੀ ਆਏ"

[ ਵੱਲੋਂ:-ਪ੍ਰਿੰਸੀਪਲ ਸੁਜਾਨ ਸਿੰਘ ਸੀ, ਗੁਰਦਾਸਪੁਰ ]

ਖ਼ਾਲਸਾ ਪੰਥ ਉਤੇ ਖ਼ਾਸ ਕਰ ਕੇ, ਅਤੇ ਭਾਰਤੀ ਜਨਤਾ ਉਤੇ ਆਮ ਕਰ ਕੇ ਜੋ ਉਪਕਾਰੀ ਸ੍ਰੀ ਕਲਗੀਧਰ ਜੀ ਕੀਤੇ, ਉਨ੍ਹਾਂ ਦੀ ਦੇਣ ਤਿੰਨ ਕਾਲ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਨੇ ਕੇਵਲ ਕਿਹਾ ਹੀ ਨਹੀਂ, ਪਰਤੱਖ ਕਰ ਕੇ ਦਿਖਾ ਦਿੱਤਾ ਕਿ—

ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ
ਹੈ ਸਭ ਹੀ ਇਨਹੀ ਕੋ।

'ਇਨਹੀ ਕੋ' ਦਾ ਭਾਵ 'ਆਪਣੇ ਸਿੱਖਾਂ ਦਾ', 'ਖ਼ਾਲਸੇ ਦਾ' ਹੈ। ਅਤੇ ਫੇਰ ਸਰਬੰਸ ਵਾਰ ਕੇ ਸਾਡੇ ਤੇ ਕਦੇ ਨਾ ਉਤਰਨ ਵਾਲੇ ਅਹਿਸਾਨ ਕਰਨ ਵਾਲਾ ਸਤਿਗੁਰੂ, ਆਪਣੇ ਉਤੇ ਖ਼ਾਲਸੇ ਦੇ ਅਹਿਸਾਨ ਲੈਂਦਾ ਹੈ :

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀ ਕੇ
ਪ੍ਰਸਾਦਿ ਸੁ ਦਾਨ ਕਰੇ। ਅਘ ਓਘ ਟਰੇ
ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨ
ਧਾਮ ਭਰੇ। ਇਨਹੀ ਕੇ ਪ੍ਰਸਾਦਿ ਸੁਵਿਦਯਾ
ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹਿ ਮੋ
ਸੇ ਗਰੀਬ ਕਰੋਰ ਪਰੇ।

[ਗਿਆਨ ਪ੍ਰਬੋਧ, ਪਾ: ੧੦

ਜ਼ਰਾ ਖ਼ਿਆਲ ਕਰੋ! ਰਚਣ ਵਾਲਾ ਰਚਿਆਂ ਹੋਇਆਂ ਬਾਰੇ ਕਹਿੰਦਾ ਹੈ : ਇਨ੍ਹਾਂ ਦੀ ਕਿਰਪਾ ਨਾਲ ਮੇਰੇ ਪਾਪ ਕੱਟੇ ਗਏ ਹਨ, ਇਨ੍ਹਾਂ ਦੀ ਕਿਰਪਾ ਨਾਲ ਮੈਂ ਦਾਨ ਕੀਤੇ ਹਨ, ਇਨ੍ਹਾਂ ਦੀ ਕਿਰਪਾ ਨਾਲ ਮੈਂ ਸੁਵਿਦਿਆ ਪ੍ਰਾਪਤ ਕੀਤੀ ਹੈ, ਇਨ੍ਹਾਂ ਦੀ ਕਿਰਪਾ ਨਾਲ ਦੁਸ਼ਮਨ ਖੱਪੇ ਤੇ ਜਿੱਤਾਂ ਪ੍ਰਾਪਤ ਹੋਈਆਂ ਹਨ ਅਤੇ (ਅੰਤ ਵਿਚ ਹੱਦ ਹੀ ਕਰ ਦਿੱਤੀ!) ਇਨ੍ਹਾਂ ਦੀ ਕਿਰਪਾ ਨਾਲ ਅਸੀਂ (ਖ਼ਾਲਸਾ) ਸਜੇ ਹਾਂ, ਜੇ ਇਨ੍ਹਾਂ ਦੀ ਕਿਰਪਾ ਨਾ ਹੁੰਦੀ ਤਾਂ ਮੇਰੇ ਵਰਗੇ ਕਰੋੜਾਂ ਜੀਵ ਤੁਰੇ ਫਿਰਦੇ ਹਨ। ਅੱਥਰੂ ਨਹੀਂ ਵਗ ਤੁਰਦੇ ਆਪਣੇ ਗੁਰੂ ਦੇ ਮੂੰਹੋਂ ਇਹ ਸੁਣ ਕੇ? ਕਿਉਂ ਨਾ ਕਵੀ ਗੁਰਦਾਸ ਕੂਕ ਉਠਦਾ :

ਵਾਹੁ ਵਾਹੁ! ਗੋਬਿੰਦ ਸਿੰਘ ਆਪੇ ਗੁਰ ਚੇਲਾ।

ਅਫ਼ਸੋਸ ਹੈ ਕਿ ਅਸੀਂ ਨਾਂ ਤੇ ਰੂਪ-ਮਾਤਰ ਦੇ ਖ਼ਾਲਸੇ ਰਹਿ ਗਏ ਹਾਂ! ਉਹ ਰਹਿਤਾਂ ਤੇ ਆਦਰਸ਼, ਜੋ ਉਨ੍ਹਾਂ ਸਾਨੂੰ ਸੰਭਾਲੇ ਸਨ, ਸਾਡੇ ਲੜੋਂ ਖੁਲ੍ਹ ਗਏ ਹਨ। ਇਹੋ ਕਾਰਨ ਹੈ ਕਿ ਅਸੀਂ ਰੁਲ ਰਹੇ ਹਾਂ।

ਅੱਜ ਤੋਂ ਤਿੰਨ ਸੌ ਤੇ ਕੁਝ ਸਾਲ ਪਹਿਲਾਂ ਜਦ ਸਤਿਗੁਰੂ ਜੀ ਦਾ ਪਟਨੇ ਵਿਚ ਜਨਮ ਹੋਇਆ, ਉਸ ਵੇਲੇ ਭਾਰਤ-ਵਾਸੀਆਂ ਦੀ, ਵਿਸ਼ੇਸ਼ ਕਰਕੇ ਹਿੰਦੂਆਂ ਦੀ ਤਰਸ ਯੋਗ ਹਾਲਤ ਸੀ। ਭਾਰਤ ਉਸ ਸਮੇਂ ਤਕ ਬਦੇਸ਼ੀ ਮੁਸਲਮਾਨਾਂ ਦਾ ਲਗ ਪਗ ਸਾਢੇ ਛੇ ਸੌ ਸਾਲ ਗ਼ੁਲਾਮ ਰਹਿ ਚੁੱਕਾ ਸੀ। ਸਾਢੇ ਚਾਰ ਸੌ ਸਾਲ ਪਠਾਣਾਂ ਦਾ ਗ਼ੁਲਾਮ ਰਹਿਣ ਮਗਰੋਂ ਜੋ ਭਾਰਤ ਦੀ ਭੈੜੀ ਹਾਲਤ ਸੀ ਉਸ ਦਾ ਚਿੱਤਰਨ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਉਂ ਕੀਤਾ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ
ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ
ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ
ਕਿਨਿ ਬਿਧਿ ਗਤਿ ਹੋਈ ॥

[ਮਾਝ ਕੀ ਵਾਰ ਮਹਲਾ ੧, ਸਲੋਕੁ ਮ: ੧

ਤੇ ਇਹ 'ਕਾਸਾਈ ਰਾਜੇ' ਵਧੇਰੇ ਮੁਸਲਮਾਨ ਸਨ। ਪਰ ਪਰਜਾ—ਭਾਵੇਂ ਹਿੰਦੂ ਸੀ ਭਾਵੇਂ ਮੁਸਲਮਾਨ—ਬਹੁਤੇ ਹਿੰਦੂਓਂ ਬਣੇ ਹੋਏ ਮੁਸਲਮਾਨ—ਉਹ ਧਰਮ-ਈਮਾਨ ਤੇ ਇਖ਼ਲਾਕ ਤੋਂ ਬੁਰੀ ਤਰ੍ਹਾਂ ਖੋਖਲੀ ਹੋਈ ਸੀ। ਲੰਮੀ ਗ਼ੁਲਾਮੀ ਨੇ ਹਿੰਦੂਆਂ ਵਿਚ ਕਾਇਰਤਾ ਤੇ ਪਖੰਡ ਕੁੱਟ ਕੁੱਟ ਕੇ ਭਰ ਦਿੱਤੇ ਸਨ। ਉਹ 'ਮਨਿ ਹੋਰੁ ਮੁਖਿ ਹੋਰ' ਹੋ ਗਏ ਸਨ। ਜ਼ੁਲਮ ਤੇ ਵਿਖਾਵਾ ਮੁਸਲਮਾਨ ਹਾਕਮ-ਸ਼੍ਰੇਣੀ ਦੇ ਲੱਛਣ ਬਣ



www.AKJ.Org

ਢੁਕੇ ਸਨ। 'ਸੱਚ' ਤੋਂ ਦੋਵੇਂ ਭਟਕੇ ਹੋਏ ਸਨ। ਉਸ ਸਮੇਂ ਦੇ ਹਿੰਦੂਆਂ ਤੇ ਮੁਸਲਮਾਨਾਂ ਬਾਰੇ ਆਦਿ ਗੁਰੂ ਜੀ ਨੇ ਇਉਂ ਗਵਾਹੀ ਦਿੱਤੀ ਹੈ :

ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਓਨ੍ਹਾ ਭਿ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥

[ਆਸਾ ਦੀ ਵਾਰ, ਸਲੋਕ ਮ: ੧

ਮੁਗਲ-ਰਾਜ ਦੀ ਨੀਂਹ ਵੀ ਬਾਬਰ ਨੇ ਜ਼ੋਰ-ਜ਼ੁਲਮ ਤੇ ਰੱਖੀ ਸੀ। 'ਬਾਬੇ ਕਿਆਂ' ਤੇ 'ਬਾਬਰ ਕਿਆਂ' ਦੀ ਟੱਕਰ ਅੱਗੇ ਚੱਲ ਕੇ ਅਵੱਸ਼ ਹੋਣੀ ਸੀ, ਕਿਉਂਕਿ ਦੋਹਾਂ ਦੇ ਆਦਰਸ਼ ਆਦਿ ਗੁਰੂ ਜੀ ਦੇ ਵੇਲੇ ਤੋਂ ਹੀ ਵੱਖਰੇ ਵੱਖਰੇ ਸਨ। ਬਾਬਰ ਵਿਚ ਉਹ ਸਾਰੇ ਔਗੁਣ ਮੌਜੂਦ ਸਨ ਜਿਨ੍ਹਾਂ ਨੇ ਉਸ ਦੀ ਸੰਤਾਨ ਵਿਚ ਵਧਣਾ-ਫਲਣਾ ਸੀ। ਸਤਿਗੁਰਾਂ ਨੇ ਬਾਬਰ ਤੇ ਬਾਬਰ ਦੇ ਹਮਲੇ ਬਾਰੇ ਆਪਣੀ ਰਾਇ ਲੁਕਾ ਕੇ ਨਹੀਂ ਸੀ ਰੱਖੀ, ਸਗੋਂ ਉਸੇ ਵੇਲੇ ਪਰਗਟ ਕਰ ਦਿੱਤੀ ਸੀ; ਕਿਉਂਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਸੱਚੀ ਗੱਲ ਭਾਵੇਂ ਕੌੜੀ ਹੀ ਹੋਵੇ, ਵੇਲੇ ਸਿਰ ਕਹਿਣੀ ਚਾਹੀਦੀ ਹੈ। ਜਦ ਸੈਦਪੁਰ (ਐਮਨਾਬਾਦ) ਤੇ ਬਾਬਰ ਦਾ ਹਮਲਾ ਹੋਇਆ ਤਾਂ ਉਨ੍ਹਾਂ ਆਪਣੇ ਪਿਆਰੇ ਸਿੱਖ, ਲਾਲੋ ਨੂੰ ਇਹ ਬਚਨ ਕਹੇ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਦੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥ [ਤਿਲੰਗ ਮਹਲਾ ੧, ਪੰਨਾ ੭੨੨

ਸਤਿਗੁਰੂ ਜੀ ਦੀ ਇਹੋ ਜਿਹੀ ਹਸਤ-ਲਿਖਤ ਗਵਾਹੀ ਦੇ ਹੁੰਦਿਆਂ, ਅਜਿਹੀਆਂ ਮਨ-ਘੜਤ ਸਾਖੀਆਂ ਬਣਾਉਣੀਆਂ ਕਿ ਉਨ੍ਹਾਂ ਨੇ ਬਾਬਰ ਨੂੰ ਛੇ ਮੁੱਠਾਂ ਸੁੱਖੇ ਦੀਆਂ ਬਖਸ਼ ਕੇ ਉਸ ਨੂੰ ਛੇ-ਪੀੜ੍ਹੀਆਂ ਰਾਜ ਬਖ਼ਸ਼ਿਆ, ਕਿਸੇ 'ਸੁਖਈ' ਲੇਖਕ ਦੀ ਕਾਢ ਹੋ ਸਕਦੀ ਹੈ।

ਮੁਗਲਾਂ ਦੇ ਰਾਜ ਤੇ ਜ਼ੋਰ ਦੇ ਵਧਣ ਨਾਲ ਸਤਿਗੁਰੂ ਨਾਨਕ ਦੇਵ ਜੀ ਦੀ ਬਿਆਨੀ ਸਮਾਜਕ ਦਸ਼ਾ ਵਧੇਰੇ ਵਿਗੜੀ। ਹਾਂ, ਸਤਿਗੁਰਾਂ ਦੇ ਸਤਿ-ਸੰਗ ਵਿਚ ਬਾਬੇ ਦੇ ਆਦਰਸ਼ਾਂ ਦੇ ਕਾਇਮ ਹੋਣ ਕਰਕੇ ਇਕ ਕੇਂਦ੍ਰਕ ਬਣਿਆ, ਜਿਸ ਦੇ ਦਵਾਲੇ ਖ਼ਾਲਸਾ ਸਮਾਜ ਨੇ ਜੁੜਨਾ ਸੀ ਤੇ ਕੂੜ ਦੇ ਆਦਰਸ਼ਾਂ ਨਾਲ ਟੱਕਰ ਲੈਣੀ ਸੀ। ਪਰ ਇਸ ਟੱਕਰ ਲਈ ਹਿੰਦੂ ਜਨਤਾ ਉੱਕੀ ਤਿਆਰ ਨਹੀਂ ਸੀ। ਉਹ ਇਸ ਤਰ੍ਹਾਂ ਲਿਤਾੜ ਕੇ ਰੱਖ ਦਿੱਤੀ ਗਈ ਸੀ ਕਿ ਉੱਠ ਹੀ ਨਹੀਂ ਸੀ ਸਕਦੀ। ਇਸ ਦੇ ਕਈ ਕਾਰਨ ਹਨ। ਲੋਭ ਤੇ ਕਾਇਰਤਾ ਇਸ ਕਮਜ਼ੋਰੀ ਦੀ ਜੜ੍ਹ ਸਨ। ਲੋਭ ਚੰਮ-ਖੁਸ਼ੀਆਂ ਦੇ ਸਾਧਨਾਂ ਨੂੰ ਬਣਾਈ ਰੱਖਣ ਲਈ ਸੀ। ਹਾਏ ! ਐਸ਼ੋ-ਇਸ਼ਰਤ ਦਾ ਸਾਧਨ, ਰਾਜ ਕਾਇਮ ਰਹਿ ਜਾਵੇ ਭਾਵੇਂ ਬਦੇਸ਼ੀ ਜਰਵਾਣੇ ਨੂੰ ਆਪਣੀ ਹੱਥੀਂ ਆਪਣੀ ਧੀ ਵੀ ਕਿਉਂ ਨਾ ਦੇਣੀ ਪੈ



www.AKJ.Org

ਜਾਏ ! ਸਧਾਰਨ ਹਿੰਦੂਆਂ ਕੋਲ ਤਾਂ ਇਹ ਬਹਾਨਾ ਸੀ ਕਿ ਬਦੇਸ਼ੀ ਜਰਵਾਣੇ ਸਾਡੀਆਂ ਧੀਆਂ ਭੈਣਾਂ ਬਦੋ-ਬਦੀ ਚੁੱਕ ਕੇ ਲੈ ਜਾਂਦੇ ਹਠ; 'ਅਸੀਂ ਮਾੜੇ ਹਾਂ, ਕੀ ਕਰੀਏ ? ਪਰ ਪਹਿਲੀ ਗੱਲ ਵੱਡੇ ਵੱਡੇ ਰਾਜਾਂ ਦੇ ਮਾਲਕਾਂ ਹਿੰਦੂ ਮਹਾਰਾਜਿਆਂ ਦੀ ਸੀ, ਆਮ ਜਨਤਾ ਦੀ ਨਹੀਂ । ਭਾਵੇਂ ਭਾਰਤੀਆਂ ਦੀਆਂ ਧੀਆਂ-ਭੈਣਾਂ ਗ਼ਜ਼ਨੀ, ਕਾਬਲ, ਕੰਧਾਰ ਵਿਚ ਮੰਡੀ ਦੇ ਮਾਲ ਵਾਂਗ ਵਿਕਦੀਆਂ ਸਨ, ਪਰ ਕਈਆਂ ਨੇ ਆਪਣੀ ਕਾਇਰਤਾ ਨੂੰ ਲੁਕਾਉਣ ਲਈ 'ਅਹਿੰਸਾ ਪਰਮੋ-ਧਰਮਾ' ਦਾ ਪਰਦਾ ਪਾਇਆ ਹੋਇਆ ਸੀ । ਉਫ਼ ! ਕਿਹੋ ਜਿਹੀ ਅਧੋਗਤੀ ! 'ਸੱਚ' ਤੇ ਸੁਤੰਤਰਤਾ ਦਾ ਮੁੱਲ ਸਿਰਾਂ ਦੇ ਸਿੱਕਿਆਂ ਵਿਚ ਤਾਰਨਾ ਪੈਂਦਾ ਹੈ । ਸਰੀਰਾਂ ਨੂੰ ਸੇਕ ਨਾ ਲੱਗੇ ਤੇ ਸੱਚ ਤੇ ਸੁਤੰਤਰਤਾ ਕਾਇਮ ਰਹੇ, ਇਹ ਕਦੇ ਹੋਇਆ ਹੀ ਨਹੀਂ, ਤੇ ਨਾ ਕਦੀ ਹੋਣਾ ਹੈ ।

ਇਹ ਕਹਿਣਾ ਕਿ ਸਿੱਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਵਿਚ ਹੋਰ ਦੀ ਹੋਰ ਹੋ ਗਈ, ਆਪਣੀ ਨਾ-ਜਾਣਕਾਰੀ ਦਾ ਸਬੂਤ ਦੇਣਾ ਹੈ । ਕੀ ਸਤਿਗੁਰੂ ਨਾਨਕ ਦੇਵ ਜੀ ਨੇ 'ਸੱਚ' ਤੇ 'ਸੱਚ-ਆਚਾਰ' ਦੇ ਪ੍ਰੇਮੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੋਂ ਨਹੀਂ ਸੀ ਵੰਗਾਰਿਆ ? ਕੀ ਕਲਗੀਧਰ ਜੀ ਦੀ ਵੰਗਾਰ ਕੋਈ ਨਵੀਂ ਤੇ ਵੱਖਰੀ ਵੰਗਾਰ ਸੀ ? ਸਤਿ-ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਸੀ :

> ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ
> ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ
> ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥
>
> [ਸਲੋਕ ਵਾਰਾਂ ਤੇ ਵਧੀਕ, ਸਲੋਕ ਮ: ੧,

ਦਿਲ ਤਕੜਾ ਹੋਵੇ ਤਾਂ ਕਮਜ਼ੋਰ ਸਰੀਰ ਵੀ ਦੂਣਾ ਚੌਣਾ ਹੋ ਕੇ ਲੜ ਜਾਂਦਾ ਹੈ । ਭਾਰਤ-ਵਾਸੀਆਂ ਦੇ ਦਿਲ ਕਮਜ਼ੋਰ ਹੋ ਚੁਕੇ ਸਨ । ਪਹਿਲੇ ਗੁਰੂ ਸਾਹਿਬਾਂ ਦਾ ਕੰਮ ਦਿਲ ਤੇ ਆਤਮਾ ਨੂੰ ਤਕੜਿਆਂ ਕਰਨਾ ਸੀ, ਨਾ ਕਿ ਕਮਜ਼ੋਰ ਦਿਲ ਤੇ ਸਰੀਰ ਵਾਲਿਆਂ ਨੂੰ ਪਹਿਲੋਂ ਹੀ ਸ਼ਸਤਰ ਫੜਾ ਦੇਣੇ। ਇਹ ਸ਼ਸਤਰ ਤਾਂ ਦੁਸ਼ਮਣਾਂ ਲਈ ਵਧੇਰੇ ਲਾਭਦਾਇਕ ਹੁੰਦੇ ! ਦਿਲ ਤਕੜਾ ਕਰਨਾ ਜ਼ਰੂਰੀ ਸੀ, ਪਰ ਸਰੀਰ ਨੂੰ ਤਕੜਾ ਕਰਨਾ ਕੋਈ ਘੱਟ ਜ਼ਰੂਰੀ ਨਹੀਂ ਸੀ । ਤਕੜੇ ਦਿਲ ਤੇ ਸਰੀਰ ਵਾਲਿਆਂ ਨੂੰ 'ਸਭ ਤੋਂ ਵੱਡਾ ਆਸਰਾ' ਤੇ ਇੱਕ ਸਜੀਵ, ਪੂਰੀ-ਹੋਣ-ਯੋਗ ਆਸ ਦੇਣੀ ਸੀ । ਇੱਕ ਨਵਾਂ ਸਮਾਜ ਜੱਥੇਬੰਦ ਕਰਨਾ ਸੀ; ਕਿਉਂਕਿ ਇਕੱਲਾ ਬੰਦਾ ਭਾਵੇਂ ਕਿੱਡਾ ਵੀ ਤਕੜਾ ਹੋਵੇ ਬਹੁਤ ਕੁਝ ਨਹੀਂ ਕਰ ਸਕਦਾ । ਲੰਗਰ ਦੇ ਰੂਪ ਵਿਚ ਆਤਮਕ ਤੇ ਸਰੀਰਕ ਸਾਂਝ ਤੇ ਇੱਕ-ਦੂਜੇ ਦਾ ਪਿਆਰ-ਸਤਿਕਾਰ ਬਖ਼ਸ਼ਣਾ ਸੀ । ਇਸ ਨਵੇਂ ਸਮਾਜ, ਸਾਧ ਸੰਗਤ ਜਾਂ ਸਿੱਖ-ਸੰਗਤ ਦੇ ਇਕੱਤਰ ਹੋਣ ਲਈ ਕੇਂਦਰ ਤੇ ਉਪ-ਕੇਂਦਰ ਸਥਾਪਤ ਕਰਨੇ ਸਨ । ਸਬਦ-ਰੂਪ ਗੁਰ-ਉਪਦੇਸ਼ ਜਾਂ ਬਾਣੀ ਨੂੰ ਗ੍ਰੰਥ-ਰੂਪ ਵਿਚ ਸੰਪਾਦਤ ਤੇ ਸੰਕਲਤ ਕਰਨਾ ਸੀ । ਉਪਜੀਵਕਾ ਲਈ ਦਸਾਂ ਨਹੁੰਆਂ ਦੀ ਕਿਰਤ ਨੂੰ ਦ੍ਰਿੜ੍ਹਾ ਕੇ ਸਿੱਖ ਨੂੰ ਉੱਤਮ ਤੇ ਈਮਾਨ ਕਾਰੀਗਰ, ਕ੍ਰਿਸ਼ਕ ਜਾਂ ਵਾਪਾਰੀ ਬਣਨ ਲਈ ਪ੍ਰੇਰਨਾ ਸੀ । ਸਤਿਗੁਰੂ ਨਾਨਕ ਦੇਵ ਜੀ ਨੇ 'ਭਗਤੀ' ਵਿਹਲੜਾਂ ਦੀ ਕਾਰ ਨਹੀਂ ਸੀਂ ਬਣਾਈ । ਗੁਰਮਤਿ ਵਿਚ 'ਸਾਧ' ਸੰਸਾਰੀ ਗ੍ਰਹਸਥੀ ਜੀਵ ਸੀ, ਸਿੱਖ ਸੀ, ਜੋ ਕਿਰਤ ਕਰਦਾ ਤੇ ਵੰਡ ਕੇ ਛਕਦਾ ਸੀ । ਉਹ ਆਪਣੀ ਆਮਦਨ ਵਿੱਚੋਂ ਦਸਵੰਧ 'ਗੁਰੂ ਨਮਿੱਤ' ਦਿੰਦਾ ਸੀ, ਜਿਸ ਨਾਲ ਗੁਰੂ ਕਾ ਲੰਗਰ ਚੱਲਦਾ ਸੀ ਤੇ ਸੱਚ-ਧਰਮ ਦਾ ਪਰਚਾਰ ਹੁੰਦਾ ਸੀ । ਇਹ ਸਭ ਕੁਝ ਕਰਨ ਲਈ ਲੰਮੇ ਸਮੇਂ ਦੀ ਲੋੜ ਸੀ । ਮਿੱਟੀ ਦੇ ਭਾਂਡੇ ਸਾਜਣ ਲਈ ਵੀ ਮਿੱਟੀ ਪਰਖੀ ਜਾਂਦੀ ਹੈ, ਪੁੱਟੀ ਜਾਂਦੀ ਹੈ, ਘਾਣੀ ਕੀਤੀ ਜਾਂਦੀ ਹੈ, ਮਲੀ ਜਾਂਦੀ ਹੈ, ਕਮਾਈ ਜਾਂਦੀ ਹੈ, ਪੇੜੇ ਥੱਪੇ ਜਾਂਦੇ ਹਨ, ਚੱਕ ਤੇ ਚੜ੍ਹਾ ਕੇ ਭਵਾਈ ਜਾਂਦੀ ਹੈ, ਕਲਾਕਾਰੀ ਨਾਲ ਉਸ ਨੂੰ ਇਛਿਤ ਰੂਪ ਦਿੱਤਾ ਜਾਂਦਾ ਹੈ, ਬਣੇ ਬਰਤਨ ਨੂੰ ਸੁਕਾਇਆ ਜਾਂਦਾ ਹੈ, ਤੇ ਫੇਰ ਬਣਿਆਂ ਬਰਤਨਾਂ ਨੂੰ ਆਵੀ ਤੇ ਚੜ੍ਹਾ ਕੇ ਪਕਾਇਆ ਜਾਂਦਾ ਹੈ । ਇਸ ਵਿਚ ਮਿੱਟੀ ਕਈ ਹੱਥ ਬਦਲਦੀ ਹੈ । ਮੁਰਦਾ ਕੌਮ ਨੂੰ ਜਿਵਾਲਣਾ, ਜੱਥੇਬੰਦ ਕਰਨਾ, ਸੱਚ ਵਾਸਤੇ ਟੱਕਰ ਲੈਣ ਲਈ ਤਿਆਰ ਕਰਨਾ ਅਤਿ ਦਰਜੇ ਦਾ ਮੁਸ਼ਕਲ ਕੰਮ ਸੀ । ਇੱਕ ਗੁਰ-ਵਿਅਕਤੀ



www.AKJ.Org

ਦੇ ਜੀਵਨ-ਕਾਲ ਵਿਚ ਇਹ ਕੰਮ ਹੋਣਾ ਕਠਿਨ ਸੀ। ਦਸਾਂ ਗੁਰ-ਵਿਅਕਤੀਆਂ ਨੇ ਇੱਕੋ ਆਸ਼ੇ ਲਈ ਇੱਕੋ ਸੇਧ ਵਿਚ ਕੰਮ ਕੀਤਾ। ਹਾਂ, ਕੰਮ ਦੇ ਕਈ ਪੜਾ ਸਨ; ਅਤੇ ਵਿਚ ਵਿਚ ਕੀਤੇ ਕੰਮਾਂ ਦਾ ਪਰੀਛਣ ਵੀ ਹੁੰਦਾ ਰਹਿੰਦਾ ਸੀ।

ਮੁਸਲਮਾਨ ਬਾਦਸ਼ਾਹਾਂ ਤੇ ਸ਼ਹਿਨਸ਼ਾਹਾਂ ਦਾ ਰਾਜ-ਧਰਮ ਇਸਲਾਮ ਸੀ। ਉਹ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਲਾਲਚ, ਜਬਰ ਤੇ ਤਲਵਾਰ ਵੀ ਵਰਤ ਲੈਂਦੇ ਸਨ, ਪਰ ਧਰਮ-ਬਦਲੀ ਲਈ ਦੂਜਿਆਂ ਦਾ ਪਿਆਰ-ਪਰਚਾਰ ਵੀ ਨਹੀਂ ਸਨ ਸਹਾਰਦੇ। ਇਸਲਾਮ ਨੂੰ ਛੱਡ ਕੇ, ਪ੍ਰੇਰਨਾ ਤੇ ਸੱਚ ਦਾ ਰਾਹ ਦੱਸ ਕੇ ਆਪਣੇ ਧਰਮ ਵਿਚ ਲਿਆਉਣ ਵਾਲਾ ਪਹਿਲਾ ਭਾਰਤੀ ਧਰਮ ਸਿੱਖ-ਧਰਮ ਸੀ। ਹਿੰਦੂ ਤੇ ਮੁਸਲਮਾਨ ਇਸ ਵੱਲ ਆਕਰਸ਼ਿਤ ਹੋ ਰਹੇ ਸਨ। ਇਹੋ ਜਿਹੇ ਸਿੱਖ-ਸਮਾਜ ਤੇ ਧਰਮ ਨਾਲ ਹਾਕਮਾਂ ਦੀ ਟੱਕਰ ਹੋਣੀ ਲਾਜ਼ਮੀ ਸੀ ਅਤੇ ਇਸ ਗੱਲ ਨੂੰ ਗੁਰੂ ਨਾਨਕ ਦੇਵ ਜੀ ਭਲੀ-ਭਾਂਤ ਜਾਣਦੇ ਸਨ। ਤਾਂ ਹੀ ਤਾਂ ਉਨ੍ਹਾਂ ਸਿੱਖੀ-ਮਾਰਗ ਤੇ ਆਉਣ ਵਾਲਿਆਂ ਨੂੰ ਵੰਗਾਰਿਆ ਕਿ "ਸਿਰੁ ਧਰਿ ਤਲੀ ਗਲੀ ਮੇਰੀ ਆਉ।"

ਸਿੱਖੀ ਦੇ ਅੰਤਮ ਰੂਪ ਨੂੰ ਡੋਲ ਕੇ, ਉਸ ਤੇ ਅਕਾਲ ਦੀ ਮੁਹਰ-ਛਾਪ ਲਾ ਕੇ, ਖ਼ਾਲਸਾ ਬਣਾਉਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਆਇਆ ਸੀ। ਖ਼ਾਲਸੇ ਦਾ ਜਨਮ ਇਕ ਬੜੀ ਭਾਰੀ ਕ੍ਰਾਂਤੀ ਸੀ। ਇਹ ਝਟ ਪਟੀ ਗੁਣਾਤਮਕ ਤਬਦੀਲੀ ਸੀ, ਇਨ-ਕਲਾਬ ਸੀ। ਪਰ ਹਰ ਇਕ ਇਨਕਲਾਬ ਤੋਂ ਪਹਿਲਾਂ ਬਹੁਤ ਚਿਰ ਹੌਲੀ ਹੌਲੀ ਪਰਮਾਣਾਤਮਕ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਹਰ ਇਨਕਲਾਬ ਤੋਂ ਪਹਿਲਾਂ ਕ੍ਰਮ-ਵਿਕਾਸ ਹੁੰਦਾ ਹੈ। ਇਸ ਤੋਂ ਪਹਿਲੋਂ ਕਿ ਪਾਣੀ ਝਟ ਪਟ ਆਪਣੇ ਗੁਣ ਅਤੇ ਰੂਪ ਬਦਲ ਕੇ ਸ਼ਕਤੀਵਰ ਭਾਫ਼ ਬਣੇ, ਪਾਣੀ ਨੂੰ ਲੰਮਾ ਸਮਾਂ ਤਾਪ ਦੇ ਕੇ ਤਾਪਮਾਨ ਦੀ ਮਾਤਰਾ ਜਾਂ ਪਰਮਾਣ ਨੂੰ ਵਧਾਇਆ ਜਾਂਦਾ ਹੈ। ਜਦ ਤਾਪਮਾਨ ਸੌ ਦਰਜੇ ਸੈਂਟੀਗ੍ਰੇਡ ਤੇ ਪਹੁੰਚਦਾ ਹੈ ਤਾਂ ਪਾਣੀ ਅਚਾਨਕ ਆਪਣੇ ਗੁਣ ਤੇ ਸ਼ਕਲ ਬਦਲਦਾ ਹੈ। ਮਾਰ ਖਾਂਦੇ ਭਾਰਤੀ ਸਮਾਜ ਵਿਚੋਂ ਸਾਮਰਾਜ ਨਾਲ ਟੱਕਰ ਲੈਣ ਵਾਲੇ ਖਾਲਸੇ ਦਾ ਜਨਮ ਸੱਚਮੁਚ ਇਕ ਇਨਕਲਾਬ ਸੀ। ਪਰ ਇਸ ਨੂੰ ਇਨਕਲਾਬੀ ਟਿਕਾਣੇ (*Nodal Point*) ਤੇ ਲਿਜਾਣ ਲਈ ਦਸਾਂ ਗੁਰ-ਵਿਅਕਤੀਆਂ ਨੇ ਇਕ ਸੇਧ ਵਿਚ ਲਗਾਤਾਰ ਕੰਮ ਕੀਤਾ ਸੀ।

ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਕ੍ਰਾਂਤੀ ਲਈ ਲੋੜੀਂਦੀ ਹੱਦ ਦਾ ਤਾਅ ਪੈਦਾ ਕਰ ਦਿੱਤਾ ਸੀ। ਇਹੋ ਜਹੇ ਤਾਅ ਨੂੰ ਸੰਭਾਲਣਾ ਇਕ ਹੱਦ ਦੀ ਮਹਾਨ ਵਿਅਕਤੀ ਦਾ ਕੰਮ ਹੁੰਦਾ ਹੈ। ਕਈ ਵਾਰੀ ਲਾਗੇ ਆਏ ਹੋਏ ਇਨਕਲਾਬ ਸੂਖਸਮ-ਦ੍ਰਿਸ਼ਟੀ ਤੇ ਦੂਰ-ਦਰਸ਼ੀ ਮਹਾਨ-ਨੇਤਾ ਤੋਂ ਬਿਨਾਂ ਘੱਟੇ-ਕੌਡੀਂ ਰਲ ਜਾਂਦੇ ਹਨ। ਜੇ ਆਗੂ ਪਿਛਲੇ ਕ੍ਰਮ-ਵਿਕਾਸ ਨੂੰ ਨਾ ਜਾਣਦਾ ਹੋਵੇ ਤਾਂ ਵੀ ਉਹ ਇਨਕਲਾਬੀ ਮੌਕੇ ਨੂੰ ਨਹੀਂ ਸੰਭਾਲ ਸਕਦਾ। ਉਸ ਦੀ ਜਿਸ ਤਾਕਤਵਰ ਤੇ ਭਿਆਨਕ ਜਾਪਦੀ ਰਾਜ-ਸੱਤਾ ਨਾਲ ਟੱਕਰ ਹੁੰਦੀ ਹੈ, ਉਹ ਉਸ ਦੀਆਂ ਅੰਦਰਲੀਆਂ ਕਮਜ਼ੋਰੀਆਂ ਨੂੰ ਵੀ, ਜਿਨ੍ਹਾਂ ਉਸ ਨੂੰ ਖੋਖਲਾ ਕਰ ਛੱਡਿਆ ਹੁੰਦਾ ਹੈ, ਪਛਾਣਦਾ ਹੈ। ਸੱਚਾਈ ਦੇ ਬਲ ਤੇ ਭਰੋਸੇ ਨਾਲ ਅਕਾਲ ਪੁਰਖ ਦੀ ਰੱਖਿਆ ਸ਼ਾਮਲ ਹੁੰਦੀ ਹੈ। ਦੁਖ-ਸੁਖ ਨੂੰ ਸਮ ਕਰ ਜਾਣਨਾ, ਇਸ ਭੇੜ ਲਈ, ਇਕ ਆਸ਼ਾਵਾਦੀ ਸ਼ਕਤੀ ਬਣ ਜਾਂਦਾ ਹੈ ਤੇ ਫ਼ਤਹ ਸਦਾ ਅੰਗ-ਸੰਗ ਰਹਿੰਦੀ ਹੈ।

ਸਤਿਗੁਰੂ ਕਲਗੀਧਰ ਜੀ ਨੇ ਇਸ ਤਾਅ ਨੂੰ ਛੋਟੀ ਜਹੀ ਅਵਸਥਾ ਵਿਚ ਸਭਾਲਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਸੂਖਸ਼ਮ ਦ੍ਰਿਸ਼ਟੀ ਅਤੇ ਦੂਰ-ਦਰਸਤਾ ਅਦੁੱਤੀ ਸੀ। ਉਨ੍ਹਾਂ ਦਾ ਚਿੰਤਨ ਲਾ-ਮਿਸਾਲ ਸੀ। ਉਨ੍ਹਾਂ ਦੀ ਵਿਉਂਤਕਾਰੀ ਲਾਸਾਨੀ ਸੀ। ਇਨ੍ਹਾਂ ਦੀ ਮਹਾਨਤਾ ਨੂੰ ਨਾ ਮੰਨਣਾ ਉਸ ਬੇ-ਮਿਸਾਲ ਕੰਮ ਦੀ ਮਹਾਨਤਾ ਨੂੰ ਮੰਨਣੋਂ ਇਨਕਾਰ ਕਰਨਾ ਹੈ ਜੋ ਉਨ੍ਹਾਂ ਸਰੰਜਾਮ ਦਿੱਤਾ। ਉਨ੍ਹਾਂ ਅੰਦਰ ਗੁਰਬਾਣੀ ਵਿਚਲੇ ਗਿਆਨ ਦਾ ਉਹੋ ਪ੍ਰਵਾਹ ਚੱਲ ਰਿਹਾ ਸੀ ਜੋ ਪਹਿਲੇ ਸਤਿਗੁਰਾਂ ਦੀਆਂ ਆਤਮਾਵਾਂ ਵਿਚ ਚਲਦਾ ਸੀ। ਉਹ ਉਸੇ ਸੇਧ ਤੇ ਪੰਧ ਤੇ ਚਲ ਰਹੇ ਸਨ ਜੋ ਆਦਿ ਗੁਰੂ ਜੀ ਨੇ ਕਾਇਮ ਕੀਤਾ ਸੀ। ਉਨ੍ਹਾਂ ਨੂੰ ਪਿੱਛੇ ਤੇ



www.AKJ.Org

ਅੱਗੇ ਦਾ ਪੂਰਨ ਗਿਆਨ ਸੀ। ਉਨ੍ਹਾਂ ਨੇ ਜੋ ਮਹਾਨ ਕਾਰਜ ਪੂਰਨਤਾ ਤਕ ਪਹੁੰਚਾਇਆ ਉਹ ਉਨ੍ਹਾਂ ਨੂੰ ਭਾਰਤ ਦੇ ਹੀ ਨਹੀਂ, ਸੰਸਾਰ ਭਰ ਦੇ ਇਤਿਹਾਸ ਵਿਚ ਇਕ ਅਤਿ ਉੱਚਾ ਤੇ ਨਿਵੇਕਲਾ ਸਥਾਨ ਦਿੰਦਾ ਹੈ। ਉਨ੍ਹਾਂ ਦੇ ਇਸ ਕਾਰਜ ਦੀ ਮਹਾਨਤਾ ਨੂੰ ਸੰਸਾਰ ਦੇ ਦ੍ਰਿਸ਼ਟੀ-ਗੋਚਰ ਕਰਨਾ ਲਿਖਾਰੀ ਦਾ ਕੰਮ ਹੈ—ਇਕ ਲਿਖਾਰੀ ਦਾ ਨਹੀਂ, ਸਾਰੀ ਭਾਰਤੀ ਲਿਖਾਰੀ-ਬਰਾਦਰੀ ਦਾ ਕੰਮ ਹੈ।

ਸ੍ਰੀ ਕਲਗੀਧਰ ਜੀ ਦੇ ਜੀਵਨ ਦੀਆਂ ਬਹੁਤ ਸਾਰੀਆਂ ਗੱਲਾਂ ਬਾਰੇ ਸਾਨੂੰ ਪਤਾ ਨਹੀਂ। ਉਨ੍ਹਾਂ ਦੀ ਖੋਜ ਕਰਨੀ, ਖੋਜਕਾਰਾਂ ਦਾ ਕੰਮ ਹੈ। ਕਈ ਮਹਾਨਤਾ ਵਾਲੀਆਂ ਗੱਲਾਂ ਵਿਰੋਧੀਆਂ ਲੁਕਾ ਲਈਆਂ ਹਨ ਤੇ ਕਈ ਗ਼ਲਤ ਪਾ ਦਿੱਤੀਆਂ ਹਨ। ਇਨ੍ਹਾਂ ਦੀ **ਸੋਧ ਕਰਨੀ ਸੋਧਕਾਰਾਂ ਦਾ ਕੰਮ ਹੈ, ਜੋ ਗੁਰਬਾਣੀ ਅਤੇ ਸ੍ਰੀ ਮੁਖ ਵਾਕ ਦੀ ਕਸਵੱਟੀ ਤੇ ਹੀ ਸੋਧੀਆਂ ਜਾ ਸਕਦੀਆਂ ਹਨ।** ਸਾਡੇ ਕਈ ਪੁਰਾਣੇ ਲੇਖਕਾਂ ਤੇ ਕਵੀਆਂ ਨੇ ਉਥੋਂ ਹੀ ਬਿਨਾਂ ਪਰਖਿਆਂ ਸਮੱਗਰੀ ਚੁੱਕ ਲਈ ਹੈ ਤੇ ਕਈ ਥਾਵਾਂ ਤੇ ਅਨਰਥ ਕਰ ਦਿੱਤਾ ਹੈ। ਗ਼ਲਤ ਗੱਲਾਂ ਪਾਉਣ ਵਾਲੇ ਕੱਟੜ ਮੁਸਲਮਾਨ ਲੇਖਕ ਤਾਂ ਸਨ ਹੀ, ਪਰ ਉਨ੍ਹਾਂ ਦੇ ਆਧਾਰ ਤੇ ਲਿਖਣ ਵਾਲੇ ਅੰਗ੍ਰੇਜ਼ ਇਤਿਹਾਸਕਾਰਾਂ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਗ਼ਲਤ-ਫ਼ਹਿਮੀਆਂ ਵਧਾਈਆਂ ਤੇ ਪਰਚਾਰੀਆਂ ਹਨ। ਪੁਰਾਣੇ ਬ੍ਰਾਹਮਣੀ ਗੁਮਨਾਮ ਲੇਖਕਾਂ ਨੇ ਬੜਾ ਵਿਗਾੜ ਪਾਇਆ ਹੈ। 'ਸੌ-ਸਾਖੀ' ਵਿਚ, ਜਿਸ ਵਿਚੋਂ ਮਹਾਂ ਕਵੀ ਸੰਤੋਖ ਸਿੰਘ ਜੀ ਨੇ ਕਾਫ਼ੀ ਸਮੱਗਰੀ ਲਈ ਹੈ, ਮਹਾਰਾਜਾ ਰਣਜੀਤ ਸਿੰਘ ਕਾਲ ਤੇ ਉਸ ਤੋਂ ਮਗਰੋਂ ਇਨ੍ਹਾਂ ਨੇ ਸੂਖਸ਼ਮ ਭਾਂਤ ਦੇ ਹਾਨੀਕਾਰਕ ਆਖੇਪ ਕੀਤੇ ਹਨ। ਮਲੂਮ ਹੁੰਦਾ ਹੈ ਅੰਗ੍ਰੇਜ਼ਾਂ ਨੇ ਲੋਭ-ਲਾਲਚ ਦੇ ਕੇ ਆਪਣੇ ਸਾਮਰਾਜੀ ਹਿਤਾਂ ਨੂੰ ਪੂਰਨ ਲਈ ਕਈ ਘਟਨਾਂ ਸਿਖ ਇਤਿਹਾਸ ਵਿਚ ਤੋੜ ਮਰੋੜ ਕੇ ਤੇ ਕਈ ਝੂਠੀਆਂ ਘੜ ਕੇ ਪਵਾਈਆਂ ਹਨ। ਕਈ ਸਿਖ ਲੇਖਕਾਂ ਨੇ ਅੰਨ੍ਹੀ ਸ਼ਰਧਾ ਵੱਸ ਕਈਆਂ ਥਾਵਾਂ ਤੇ ਪੁਰਾਣਾਂ ਵਰਗੀਆਂ ਵਾਧੂ ਕਰਾਮਾਤੀ ਘਟਨਾਵਾਂ ਘੜ ਘੜ ਕੇ ਪਾਈਆਂ ਹਨ ਅਤੇ ਇਸ ਤਰ੍ਹਾਂ ਸ੍ਰੀ ਕਲਗੀਧਰ ਜੀ ਦੀ ਮਹਾਨਤਾ ਨੂੰ ਆਪਣੇ ਵੱਲੋਂ ਉਘਾੜਦਿਆਂ, ਅਸਲ ਵਿਚ ਅਨਜਾਣਿਆਂ ਉਲਟਾ ਕੰਮ ਕੀਤਾ ਹੈ। ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਕੁਝ-ਇਕ ਸਿਖ ਲੇਖਕਾਂ ਤੇ ਕਵੀਆਂ ਨੇ ਆਪਣੀਆਂ ਕਮਜ਼ੋਰੀਆਂ ਦਾ ਆਰੋਪ ਸਤਿਗੁਰੂ ਜੀ ਤੇ ਕਰਨੋਂ ਵੀ ਸੰਗ ਨਹੀਂ ਕੀਤੀ। ਭਾਈ ਰਣਧੀਰ ਸਿੰਘ ਜੀ ਆਪਣੀ ਇਕ †ਪੁਸਤਕ ਵਿਚ ਇਕ ਅੱਖੀਂ ਡਿੱਠੀ ਵਾਰਤਾ ਲਿਖਦੇ ਹਨ ਕਿ ਉਹ ਇਕ ਵਾਰ ਗਿਆਨੀ ਗਿਆਨ ਸਿੰਘ ਜੀ ਦੇ ਦਰਸ਼ਨਾਂ ਨੂੰ ਮੋਤੀ ਬਾਗ ਪਟਿਆਲੇ ਵਿਖੇ ਗਏ। ਅੱਗੇ ਗਿਆਨੀ ਜੀ ਦੇਵਨੇਤ ਨਾਲ ਛੱਤਰਧਾਰ (ਅਫ਼ੀਮ) ਦਾ ਗੋਲਾ ਵੱਟ ਕੇ ਆਪਣੇ ਮੂੰਹ ਵਿਚ ਪਾਉਣ ਹੀ ਲੱਗੇ ਸਨ ਤਾਂ ਭਾਈ ਸਾਹਿਬ ਨੇ ਉਨ੍ਹਾਂ ਦਾ ਹੱਥ ਜਾ ਫੜਿਆ ਤੇ ਪੁੱਛਿਆ, "ਸੱਚ ਦੱਸੋ, ਕੀ ਆਪ ਜੀ ਨੂੰ ਪੱਕਾ ਵਿਸ਼ਵਾਸ ਹੈ ਕਿ ਸ੍ਰੀ ਕਲਗੀਧਰ ਜੀ ਛੱਤਰਧਾਰ ਛਕਦੇ ਸਨ ਜਾਂ ਆਪ ਨੇ ਆਪਣੀ ਇਸ ਆਦਤ ਨੂੰ ਠੀਕ ਦੱਸਣ ਲਈ ਸਤਿਗੁਰੂ ਜੀ ਤੇ ਭੱਦਾ ਅਰੋਪ ਕੀਤਾ ਹੈ?" ਭਾਈ ਰਣਧੀਰ ਸਿੰਘ ਜੀ ਦੇ ਸਾਹਮਣੇ ਇਤਿਹਾਸਕਾਰ ਜੀ ਨੇ ਆਪਣੀ ਗ਼ਲਤੀ ਮੰਨੀ ਤੇ ਆਪਣੇ ਲਿਖੇ ਇਤਿਹਾਸ ਦੀ ਅਗਲੀ ਐਡੀਸ਼ਨ ਵਿਚੋਂ ਅਫ਼ੀਮ ਖਾਣ ਵਾਲੀ ਸਾਖੀ ਉੱਕੀ ਕੱਢ ਹੀ ਦਿੱਤੀ। ਮਹਾਂ ਕਵੀ ਸੰਤੋਖ ਸਿੰਘ ਸੁਖੇ ਦੇ ਆਦੀ ਸਨ। ਉਨ੍ਹਾਂ ਨੇ ਗੁਰ ਪ੍ਰਤਾਪ ਸੂਰਜ ਵਿਚ ਇਸ ਆਦਤ ਦਾ ਗੁਰੂ ਸਾਹਿਬ ਤੇ ਆਰੋਪ ਕਰ ਕੇ ਅਨਰਥ ਕੀਤਾ ਹੈ। ਸਤਿਗੁਰੂ ਜੀ ਦੇ ਆਪਣੇ ਸ੍ਰੀ ਮੁਖ ਵਾਕਾਂ ਵਿਚ ਕਦਮ ਕਦਮ ਤੇ ਐਲਾਨ ਕਰਦਿਆਂ ਕਿ ਮੈਂ ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਕਿਸੇ ਦੇਵੀ, ਦੇਵਤੇ, ਅਵਤਾਰ ਆਦਿ ਨੂੰ ਨਹੀਂ ਮੰਨਦਾ, ਦੇਵੀ-ਪੂਜਾ ਦੀ ਕਥਾ ਨੂੰ ਕੋਈ ਅਹਿਮੀਅਤ ਦੇਣੀ ਕੀ ਅਰਥ ਰੱਖਦੀ ਹੈ? ਸ਼ੈਵਾਂ ਨੇ ਆਪਣੇ ਇਸ਼ਟ ਸ਼ਿਵ ਜੀ ਦੀ ਮਹਾਨਤਾ ਦੱਸਣ ਲਈ ਰਾਮ ਚੰਦਰ ਜੀ ਨੂੰ ਰਾਮੇਸ੍ਰਰ ਦੇ ਅਸਥਾਨ ਤੇ ਸ਼ਿਵ ਜੀ

---

†ਝਟਕਾ ਮਾਸ ਪ੍ਰਥਾਇ ਤਤ ਗੁਰਮਤ ਨਿਰਣਯ ਪੁਸਤਕ, ਸਫ਼ਾ ੧੬੫-੬੬



www.AKJ.Org

ਦੀ ਪੂਜਾ ਕਰਨ ਦੀ ਘਟਨਾ ਘੜੀ, ਉਸ ਨੂੰ ਮਗਰੋਂ ਦੇ ਸਾਹਿੱਤ ਵਿਚ ਸਥਾਨ ਮਿਲਿਆ ਅਤੇ ਇਕ ਅਸਥਾਨ ਨਿਸਚਿਤ ਕਰ ਕੇ ਉਥੇ ਮੰਦਰ ਬਣਵਾ ਕੇ ਸ਼ਿਵ-ਲਿੰਗ ਵੀ ਸਥਾਪਤ ਕਰ ਦਿੱਤਾ ਗਿਆ। ਦੇਵੀ-ਪੂਜਨ ਦੀ ਕਥਾ ਵੀ ਬ੍ਰਾਹਮਣਾਂ ਦੀ ਇਹੋ ਜਿਹੀ ਚਾਲ ਸੀ। ਜੇ ਬ੍ਰਾਹਮਣਾਂ ਤੇ ਪਹਾੜੀ ਰਾਜਿਆਂ ਨੂੰ ਪੱਕਾ ਵਿਸ਼ਵਾਸ ਸੀ ਕਿ ਗੁਰੂ ਜੀ ਨੇ ਦੁਰਗਾ ਤੋਂ ਸ਼ਕਤੀ ਪ੍ਰਾਪਤ ਕੀਤੀ ਹੈ ਅਤੇ ਜੇ ਬ੍ਰਾਹਮਣ ਤੇ ਪਹਾੜੀ ਰਾਜੇ ਦੁਰਗਾ ਨੂੰ ਸੱਚੀ ਮੁੱਚੀ ਆਪਣਾ ਇਸ਼ਟ ਮੰਨਦੇ ਸਨ ਤੇ ਉਸ ਦੀ ਮਹਾਨਤਾ 'ਤੇ ਯਕੀਨ ਰੱਖਦੇ ਸਨ ਤਾਂ ਦੁਰਗਾ ਦੇ ਕਿਰਪਾ-ਪਾਤਰ, ਗੁਰੂ ਜੀ ਦੇ ਵਿਰੁੱਧ, ਮੁਗਲਾਂ ਨਾਲ ਰਲ ਕੇ, ਜੁੱਧ ਕਰਨ ਦੀ ਉਹ ਕਿਵੇਂ ਜੁਰੱਤ ਕਰ ਸਕੇ ? ਇਹੋ ਜਹੀਆਂ ਗੱਲਾਂ ਦਾ ਨਿਰਨਾ ਕਰ ਕੇ ਸਤਿਗੁਰੂ ਕਲਗੀਧਰ ਜੀ ਦਾ ਠੀਕ ਠੀਕ ਵੱਡਾ ਇਤਿਹਾਸ ਲਿਖਣ ਦੀ ਲੋੜ ਹੈ, ਤੇ ਨਾਲੇ ਲੋੜ ਹੈ ਉਸ ਨੂੰ ਨਾ ਕੇਵਲ ਭਾਰਤੀ ਬੋਲੀਆਂ, ਸਗੋਂ ਸੰਸਾਰ-ਮਾਨਤਾ ਰੱਖਣ ਵਾਲੀਆਂ ਹੋਰ ਬੋਲੀਆਂ ਵਿਚ ਵੀ ਅਨੁਵਾਦ ਕਰਾ ਕੇ ਛਾਪਣ ਦੀ। ਉਸ ਵੇਲੇ ਦੇ ਮੁਗਲ ਰਿਕਾਰਡਾਂ ਤੇ ਹੋਰ ਰਾਜਿਆਂ ਦੇ ਪ੍ਰਾਪਤ ਰਿਕਾਰਡਾਂ ਦੀ ਖੋਜ ਕਰਨੀ ਇਸ ਕੰਮ ਲਈ ਬਹੁਤ ਲਾਭਦਾਇਕ ਹੋਵੇਗੀ।

ਸ੍ਰੀ ਕਲਗੀਧਰ ਜੀ ਦਾ ਜੀਵਨ ਸਾਹਿੱਤਕਾਰਾਂ ਲਈ ਸਾਮੱਗਰੀ ਦਾ ਅਮੋਲ-ਖਜ਼ਾਨਾ ਹੈ। ਸਾਹਿੱਤਕਾਰ ਇਤਿਹਾਸਕ ਘਟਨਾਵਾਂ ਤੇ ਵਿਅਕਤੀਆਂ ਦੇ ਕਾਰ-ਨਾਮਿਆਂ ਵਿਚ ਜਾਨ ਪਾ ਦਿੰਦਾ ਹੈ।

ਉਨ੍ਹਾਂ ਦੇ ਸਮੇਂ ਭਾਰਤੀਆਂ ਦੀ ਦਸ਼ਾ ਕੀੜਿਆਂ-ਸੁੰਡੀਆਂ ਤੋਂ ਕਿਸੇ ਪ੍ਰਕਾਰ ਵੀ ਚੰਗੀ ਨਹੀਂ ਸੀ। ਉਨ੍ਹਾਂ ਕੀਟਾਂ ਨੇ ਅੱਗੇ ਸ਼ੂਦਰਾਂ ਨੂੰ ਲਿਤਾੜਿਆ ਹੋਇਆ ਸੀ। ਸਤਿਗੁਰੂ ਜੀ ਨੇ ਇਨ੍ਹਾਂ ਵਿਚੋਂ 'ਖ਼ਾਲਸਾ ਪੰਥ' ਸਾਜ ਕੇ ਇਕ ਸਾਂਝੀ ਬਰਾਦਰੀ ਬਣਾ ਦਿੱਤੀ, ਜਿਸ ਵਿਚ ਨਾ ਕੋਈ ਊਚ ਸੀ, ਨਾ ਨੀਚ।

ਸੱਚ ਜਾਣੋ, ਅਸੀਂ ਉਨ੍ਹਾਂ ਦੇ ਆਦਰਸ਼ਾਂ ਤੋਂ ਡਿੱਗ ਪਏ ਹਾਂ। ਜਿਸ ਜਾਤ-ਪਾਤ ਦਾ ਅਮਲੀ ਖੰਡਨ ਕਰ ਕੇ ਸਤਿਗੁਰਾਂ ਖ਼ਾਲਸਾ ਪੰਥ ਸਾਜਿਆ ਸੀ, ਉਸ ਵਿਚ ਬ੍ਰਾਹਮਣਵਾਦ ਨੇ, ਜਿਸ ਨਾਲ ਸਤਿਗੁਰਾਂ ਕਦੇ ਸਮਝੌਤਾ ਨਹੀਂ ਸੀ ਕੀਤਾ, ਆਪਣਾ ਅਸਰ, ਵਿਸ਼ੇਸ਼ ਕਰ ਕੇ ਜਾਤ-ਪਾਤ ਦੇ ਭਿੰਨ-ਭੇਦ ਦੇ ਰੂਪ ਵਿਚ, ਫੇਰ ਪਾ ਦਿੱਤਾ ਹੈ। ਅਸੀਂ ਉਸੇ ਤਰ੍ਹਾਂ ਪਾਟੇ ਪਏ ਹਾਂ, ਜਿਸ ਤਰ੍ਹਾਂ ਭਾਰਤੀ ਹਿੰਦੂ-ਸਮਾਜ ਆਦਿ ਗੁਰੂ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਪਾਟਿਆ ਪਿਆ ਸੀ। ਆਓ, ਪਿਆਰੇ ਵੀਰੋ, ਅਸੀਂ ਆਪਣੇ ਅੰਦਰ ਝਾਤੀ ਮਾਰੀਏ! ਕੀ ਸਾਨੂੰ ਉਸੇ ਪਖੰਡ ਨੇ ਤਾਂ ਨਹੀਂ ਗ੍ਰਸ ਲਿਆ, ਜਿਸ ਦਾ ਖੰਡਨ ਸਤਿਗੁਰਾਂ ਨੇ ਕਦਮ ਕਦਮ ਤੇ ਕੀਤਾ ਸੀ ? ਸਾਨੂੰ ਕਿਸੇ ਨੂੰ 'ਨਾਈ ਸਿੰਘ', 'ਤਰਖਾਣ ਸਿੰਘ', 'ਚੌਥੇ ਪੌੜੇ ਦਾ ਸਿੰਘ' ਕਹਿੰਦਿਆਂ ਸ਼ਰਮ ਨਹੀਂ ਆਉਂਦੀ ? ਅਸੀਂ ਖ਼ਾਲਸੇ ਦੀ ਰਹਿਤ ਦਾ ਇਕ ਭਾਗ ਉੱਕਾ ਹੀ ਵਿਸਾਰ ਦਿੱਤਾ। ਤੇ ਜੇ ਅਸੀਂ ਹੁਣ ਸਾਰੇ ਫੇਰ ਰੁਲਦੇ-ਫਿਰਦੇ ਹਾਂ ਤਾਂ ਦੋਸ਼ ਕਿਸ ਦਾ ?

——o——

## ਸਾਧ ਸੰਗਤਿ ਮਿਲਾਪ ਕੋ ਪ੍ਰਤਾਪ

੧. ਖਾਂਡ ਘ੍ਰਿਤ ,ਚੂਨ ਜਲ ਪਾਵਕ ਇਕਤ੍ਰ ਭਏ, ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ।
੨. ਮ੍ਰਿਗਮਦ ਗੋਰਾ ਚੋਆ ਚੰਦਨ ਕੁਸਮ-ਦਲ, ਸਕਲ ਸੁਗੰਧਿ ਕੈ ਅਰਗਜਾ ਸੁਬਾਸੁ ਹੈ।
੩. ਚਤੁਰ ਬਰਨ ਪਾਨ ਚੂਨਾ ਔ ਸੁਪਾਰੀ ਕਾਥਾ, ਆਪਾ ਖੋਇ ਮਿਲਤ ਅਨੂਪ ਰੂਪ ਤਾਸੁ ਹੈ।
੪. ਤੈਸੇ ਸਾਧ ਸੰਗਤਿ ਮਿਲਾਪ ਕੋ ਪ੍ਰਤਾਪੁ ਐਸੋ, ਸਾਵਧਾਨ ਪੂਰਨ ਬ੍ਰਹਮ ਕ ਨਿਵਾਸ ਹੈ।੧੨੪।

(੧) ਖੰਡ, ਘਿਓ, ਆਟਾ, ਪਾਣੀ ਤੇ ਅਗਨੀ, ਪੰਜੇ ਮਿਲ ਕੇ ਪ੍ਰਗਟ ਤੌਰ ਤੇ ਕੜਾਹ ਪ੍ਰਸ਼ਾਦ ਬਣ ਜਾਂਦਾ ਹੈ। (੨) ਕਸਤੂਰੀ, ਕਪੂਰ, ਚੋਆ ਚੰਦਨ ਤੇ ਸਾਰੇ ਫੁਲ, ਇਹ ਸਾਰੀਆਂ ਸੁਗੰਧੀਆਂ ਮਿਲ ਕੇ ਸੁੰਦਰ ਸੁਗੰਧੀ ਵਾਲਾ ਅਰਗਜਾ ਹੋ ਜਾਂਦਾ ਹੈ। (੩) ਪਾਨ, ਚੂਨਾ, ਸੁਪਾਰੀ ਤੇ ਕਥ, ਇਹ ਚਾਰੇ ਰੰਗ ਆਪਣਾ ਆਪ ਗਵਾ ਕੇ ਮਿਲਦੇ ਹਨ ਤੇ ਉਨ੍ਹਾਂ ਦਾ ਸੁੰਦਰ ਰੰਗ ਬਣ ਜਾਂਦਾ ਹੈ। (੪) ਤਿਵੇਂ ਸਾਧ ਸੰਗਤ ਵਿਚ ਮਿਲਣ ਦਾ ਇਹੋ ਜਿਹਾ ਪ੍ਰਤਾਪ ਹੈ ਕਿ ਜੋ ਮਨੁੱਖ (ਸੰਗਤ ਵਿਚ) ਸਾਵਧਾਨ ਰਹੇ ਉਸ ਦਾ ਨਿਵਾਸ ਪੂਰਨ ਬ੍ਰਹਮ ਵਿਚ ਹੋ ਜਾਂਦਾ ਹੈ।



www.AKJ.Org

# ਨਾਨਕ ਅੰਮ੍ਰਿਤੁ ਮਨੈ ਮਾਹਿ

[ਵਲੋਂ—ਸ: ਅਮਰਜੀਤ ਸਿੰਘ ਜੀ, ਸ੍ਰੀ ਨਗਰ]

ਇਹ ਗੱਲ ਆਮ ਸੁਣੀ ਜਾਂਦੀ ਹੈ ਕਿ ਅੰਮ੍ਰਿਤੰ ਇਕ ਹੈ। ਗੱਲ ਹੈ ਵੀ ਠੀਕ ਕਿ ਇਕ ਹੀ ਹੈ। ਗੁਰਬਾਣੀ ਇਸ ਦੀ ਇਉਂ ਪ੍ਰੋੜ੍ਹਤਾ ਕਰਦੀ ਹੈ:—

ਨਾਨਕ ਅੰਮ੍ਰਿਤੁ ਏਕੁ ਹੈ, ਦੂਜਾ ਅੰਮ੍ਰਿਤੁ ਨਾਹਿ ॥

[ਸਾਰੰਗ ਵਾਰ, ਸਲੋਕ ਮ: ੨, ਪੰਨਾ ੧੨੩੮

ਅੰਮ੍ਰਿਤ-ਰਸ ਹਰੇਕ ਜੀਵ ਅੰਦਰ ਮੌਜੂਦ ਹੈ। ਉਸ ਨੂੰ ਖੰਡੇ ਦੇ ਅੰਮ੍ਰਿਤ ਦੀ ਜਾਗ ਨਾਲ ਸਾਵਧਾਨ ਸੁਜਾਗੇ ਹੋ ਕੇ ਅੰਦਰੋਂ ਕੱਢ ਕੇ ਪ੍ਰਾਪਤ ਕਰ ਸਕੀਦਾ ਹੈ। ਉਸ ਅੰਦਰਲੇ ਅੰਮ੍ਰਿਤ ਨੂੰ ਲੱਭਣਾ ਕਿਵੇਂ ਹੈ, ਇਸ ਦੀ ਖੋਜ ਕਰਨ ਦੀ ਲੋੜ ਹੈ।

ਦਾਸ ਅੱਜ ਤੋਂ ਪੰਜ ਸਾਲ ਪਹਿਲਾਂ ਤਕੜਾ ਮਨਮੁਖ ਸੀ। ਪਤਾ ਨਹੀਂ ਕਿਵੇਂ ਸੱਚੇ ਪਾਤਿਸ਼ਾਹ ਦੇ ਹੁਕਮ ਅਨੁਸਾਰ ਇਹ ਖੇਡ ਵਰਤੀ ਅਤੇ ਉਨ੍ਹਾਂ ਨੇ ਆਪ ਬਖ਼ਸ਼ਸ਼ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਵਿਚਾਰ ਕਰਨ ਲਈ ਪ੍ਰੇਰਨਾ ਬਖ਼ਸ਼ੀ। ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਪਾਠ ਪੂਰੀ ਵੀਚਾਰ ਨਾਲ ਕੀਤਾ ਜਿਸ ਦਾ ਭੋਗ, ਪੰਜ ਛੇ ਘੰਟੇ ਰੋਜ਼ ਪਾਠ ਕਰ ਕੇ, ਦੋ ਸਾਲਾਂ ਬਾਅਦ ਪਿਆ।

ਇਸ ਵਿਚਾਰ ਪਿੱਛੋਂ ਇਹ ਖਿੱਚ ਅੰਦਰੋ ਅੰਦਰ ਪੈਂਦੀ ਸੀ ਕਿ ਨਾਮ ਜਪ, ਨਾਮ ਜਪ। ਪਰ ਮੈਨੂੰ ਨਾਮ ਸਿਮਰਨ ਦਾ ਪਤਾ ਹੀ ਨਹੀਂ ਸੀ ਕਿ ਇਹ ਕੀ ਖੇਡ ਹੈ। ਉਥੇ ਹੀ ਦਾਸ ਨੂੰ ਇਕ ਸਿੰਘ ਜੀ ਮਿਲੇ। ਉਨ੍ਹਾਂ ਦਸਿਆ ਕਿ ਸਮੁੱਚੀ ਗੁਰਬਾਣੀ ਇਕੋ ਸਿਮਰਨ ਵੱਲ ਹੀ ਪ੍ਰੇਰਦੀ ਹੈ। ਦਾਸ ਨੇ ਪੁੱਛ ਕੀਤੀ ਕਿ ਬਾਕੀ ਸਾਰਾ ਗੁਰੂ ਗ੍ਰੰਥ ਸਾਹਿਬ ਕੀ ਹੈ? ਪਰ ਉਹ ਮੇਰਾ ਸ਼ੰਕਾ ਨਵਿਰਤ ਨਾ ਕਰ ਸਕੇ ਅਤੇ ਮੈਨੂ ਚੰਗੀ ਤਰ੍ਹਾਂ ਸਮਝਾ ਨਾ ਸਕੇ।

ਇਸ ਤੋਂ ਉਪਰੰਤ ਦਾਸ ਨੂੰ ਅੰਦਰੋ ਅੰਦਰ ਅੰਮ੍ਰਿਤ ਛਕਣ ਲਈ ਪ੍ਰੇਰਨਾ ਹੁੰਦੀ ਰਹੀ। ਦਾਸ ਦਾ ਹਜ਼ੂਰ ਸਾਹਿਬ ਜਾਣ ਦਾ ਪ੍ਰੋਗਰਾਮ ਕੁਦਰਤੀ ਬਣ ਗਿਆ। ਉਥੇ ਅੰਮ੍ਰਿਤ ਛਕ ਲਿਆ। ਪਰ ਜਿਹੜੀ ਖੋਹ ਮੇਰੇ ਅੰਦਰ ਪੈ ਰਹੀ ਸੀ ਉਹ ਉਥੋਂ ਅੰਮ੍ਰਿਤ ਛਕ ਕੇ ਵੀ ਨਾ ਮਿਟੀ।

ਦਾਸ ਫਿਰ ਬੰਬਈ ਆ ਗਿਆ। ਇਕ ਕੀਰਤਨੀ ਜੱਥੇ ਦੇ ਇਕ ਸਿੰਘ ਜੀ ਨਾਲ ਮੇਲ ਹੋਇਆ। ਉਸੇ ਦਿਨ ਹੀ ਪਤਾ ਲੱਗਾ ਕਿ ਇਕ ਸਿੱਖ ਸੰਪਰਦਾ ਦੇ ਉਘੇ ਸੰਤ ਜੀ ਆਪਣੇ ਜਥੇ ਸਮੇਤ ਉਥੇ ਅੱਪੜੇ ਹੋਏ ਹਨ ਅਤੇ ਅਜ ਹੀ ਉਨ੍ਹਾਂ ਨੇ ਅੰਮ੍ਰਿਤ-ਸਿੰਚਾਰ ਕਰਨਾ ਹੈ। ਦਾਸ ਆਪਣੀ ਅੰਦਰਲੀ ਖਿੱਚ ਅਨੁਸਾਰ ਸਿੰਘ ਜੀ ਨਾਲ ਉਥੇ ਜਾ ਪੁਜਾ। ਇਥੇ ਫਿਰ ਅੰਮ੍ਰਿਤ ਛਕ ਲਿਆ, ਪਰ ਕੋਈ ਖ਼ਾਸ ਕਲਾ ਨਾ ਵਰਤੀ।

ਨਾਲ ਬੈਠੇ ਭਾਈ ਸਾਹਿਬ ਨੇ ਕਿਹਾ ਕਿ ਤੁਸੀਂ ਇਕ ਵੇਰ ਕੀਰਤਨੀ ਜੱਥੇ ਦੇ ਪੇਸ਼ ਹੋ ਕੇ ਨਾਮ ਦ੍ਰਿੜ੍ਹ ਕਰਾਵੋ। ਦਾਸ ਦੇ ਮਨ ਵਿਚ ਹੈਰਾਨੀ ਛਾ ਗਈ ਕਿ ਇਹ ਕੀ ਗੱਲ ਹੋਈ, ਬਾਰ ਬਾਰ ਅੰਮ੍ਰਿਤ ਹੀ ਛਕਦੇ ਰਹਿਣਾ। ਪਰ ਦਾਸ ਦੀ ਇਹ ਹੈਰਾਨੀ ਓਦੋਂ ਜਾਂਦੀ ਰਹੀ ਜਦੋਂ ਦਾਸ ਪੰਚਾਂ ਦੇ ਪੇਸ਼ ਹੋ ਗਿਆ ਅਤੇ ਉਨ੍ਹਾਂ ਨੇ ਪੰਜ ਚੁਲੇ ਬਖਸ਼ ਕੇ ਨਾਸ ਦ੍ਰਿੜ੍ਹ ਕਰਾਇਆ, ਜਿਸ ਨਾਲ ਸਾਸ-ਗਿਰਾਸ ਦਾ ਤੋਰਾ ਤੁਰ ਪਿਆ। ਬਸ ਇਸ ਤੋਂ ਅਗੇ "ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ" ਹੈ। ਖੇਡ ਕੀ ਸੀ—

ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ, ਮੋ ਕਉ
ਗੁਰਮਤਿ ਨਾਮੁ ਦ੍ਰਿੜੀਜੈ ॥ [ਪੰਨਾ ੧੩੨੫
ਬਲਿ ਬਲਿ ਬਲਿ ਗੁਰਦੇਵ, ਜਿਨਿ ਨਾਮੁ
ਦ੍ਰਿੜਾਇਆ ॥ [ਪੰਨਾ ੯੨੫

ਉਹ ਸਮਾਂ ਕਦੋਂ ਆਉਂਦਾ ਹੈ ਜਦੋਂ ਗੁਰੂ ਪਾਤਿ-ਸ਼ਾਹ ਆਪ ਨਾਮ ਦ੍ਰਿੜ੍ਹਾਉਂਦੇ ਹਨ? ਜੇ ਉਹ ਸਮਾਂ ਅੰਮ੍ਰਿਤ ਪਾਨ ਕਰਨ ਵੇਲੇ ਵੀ ਨਾ ਆਇਆ ਤਾਂ ਫਿਰ ਕਦੋਂ ਆਊ? ਗੁਰੂ ਪਾਤਿਸ਼ਾਹ ਦੀ ਹਜ਼ੂਰੀ ਵਿਚ ਪੰਜੀਂ ਪਰਮੇਸਰ, ਤੇ ਜੇ ਫਿਰ ਵੀ ਖੇਡ ਨਾ ਵਰਤੀ ਤਾਂ ਫਿਰ ਕਦੋਂ ਵਰਤੇਗੀ?

ਇਥੇ ਆ ਕੇ ਕਈ ਟਪਲੇ ਹਨ।



www.AKJ.Org

ਦਾਸ ਨੂੰ ਇਕ ਸਿੰਘ ਜੀ ਨਾਲ ਮੇਲ ਹੋਇਆ। ਉਹ ਕਹਿਣ ਲਗੇ ਕਿ ਕਿਤਾਬਾਂ ਵਿਚੋਂ ਲਿਖਿਆ ਹੋਇਆ ਸਭ ਨੂੰ ਆਪੇ ਹੀ ਪਤਾਂ ਲਗ ਜਾਂਦਾ ਹੈ। ਦਾਸ ਨੇ ਪੁਛਿਆ, ਕਿਸ ਤਰ੍ਹਾਂ ਕਰਨਾ ਹੈ ? ਉਤਰ— ਬਸ ਜੀ ਕਰੀ ਚਲੋ। ਪਰ 'ਕਰੀ ਚਲੋ' ਕਹਿ ਦੇਣ ਨਾਲ ਕਿਸੇ ਦੀ ਦ੍ਰਿੜ੍ਹਤਾ ਨਹੀਂ ਬਝਦੀ ਅਤੇ ਨਾ ਹੀ ਸਿਮਰਨ ਦਾ ਤੋਰਾ ਤੁਰਦਾ ਹੈ। ਇਸ ਤੋਂ ਬਗੈਰ ਕਦੀ ਵੀ ਚੜ੍ਹਦੀ ਕਲਾ ਨਹੀਂ ਹੋ ਸਕਦੀ, ਭਾਵੇਂ ਕਿੰਨਾ ਵੀ ਕਿਤਾਬੀ ਗਿਆਨ ਕਿਉਂ ਨਾ ਪ੍ਰਾਪਤ ਕਰ ਲਿਆ ਜਾਵੇ। ਉਨਾ ਚਿਰ ਕੋਈ ਕਲਾ ਨਹੀਂ ਵਰਤਣੀ ਜਿੰਨਾ ਚਿਰ ਪੰਜਾਂ ਪਿਆਰਿਆਂ ਦੁਆਰਾ ਦੀਖਿਅਤ ਹੋ ਕੇ ਨਾਮ ਦੀ ਜਾਗ ਨਹੀਂ ਲਗ ਜਾਂਦੀ। ਵੇਖਣ ਵਿਚ ਆਉਂਦਾ ਹੈ ਕਿ ਆਮ ਜੱਥੇ ਨਾਮ ਦ੍ਰਿੜ੍ਹ ਕਰਾਉਂਦੇ ਹੀ ਨਹੀਂ। ਤੇ ਖੇਡ ਸਾਰੀ ਨਾਮ ਦੀ ਹੈ। ਗੁਰਸਿਖੀ ਦੀ ਜੜ੍ਹ ਇਹੋ ਹੈ। ਜਿਵੇਂ ਜੜ੍ਹ ਤੋਂ ਬਿਨਾਂ ਕੋਈ ਪੌਦਾ ਬੂਟਾ ਦਰੱਖ਼ਤ ਨਹੀਂ ਓਵੇਂ ਹੀ ਨਾਮ ਤੋਂ ਬਗੈਰ ਕੋਈ ਸਿੱਖੀ ਨਹੀਂ, ਕੋਈ ਰਹਿਤ ਨਹੀਂ। ਅਮਲੀ ਤੌਰ ਤੇ ਅਜ਼ਮਾ ਕੇ ਵੇਖ ਲਵੋ।

ਸਭਸ ਨਾਲ ਪਿਆਰ, ਸਰਬੱਤ ਦਾ ਭਲਾ, ਨਿੰਦਾ ਚੁਗਲੀ ਤੋਂ ਦੂਰ, ਮਿਲਵਰਤਣ, ਮਾਇਆ ਦੀ ਪਕੜ ਤੋਂ ਦੂਰ, ਨਿਰਮੋਹ, ਵਿਕਾਰਾਂ ਤੋਂ ਦੂਰ, ਉਚਾ ਜੀਵਨ, ਸਾਰਿਆਂ ਵਿਚ ਇਕੋ ਜੋਤਿ ਦੇਖਣੀ, ਇਹ ਸਭ ਸਿਮਰਨ ਦੀਆਂ ਸ਼ਾਖ਼ਾਂ ਹਨ। ਜੇ ਸਿਮਰਨ ਨਹੀਂ ਤਾਂ ਇਹ ਸਾਰੀਆਂ ਗੱਲਾਂ ਨਿਰਾ ਦਿਖਾਵਾ ਹਨ, ਉਤ-ਲੀਆਂ ਸਾਰੀਆਂ ਗੱਲਾਂ ਵਿਚੋਂ ਇਕ ਵੀ ਨਹੀਂ ਹੋ ਸਕਦੀ। ਨਾਮ ਤੋਂ ਸੁੰਞੇ ਜਿੰਨੇ ਮਰਜ਼ੀ, ਪੰਥਕ ਇਕੱਠ ਕਰ ਲਏ ਜਾਣ, ਭਾਂਤੋ ਭਾਂਤੀ ਸੰਮੇਲਨ ਕੀਤੇ ਜਾਣ, ਕੁਝ ਨਹੀਂ ਸੌਰ ਸਕਦਾ। ਆਪਸੀ ਪਿਆਰ ਹੋ ਹੀ ਨਹੀਂ ਸਕਦਾ। ਜਦੋਂ ਸਿਮਰਨ ਵਲ ਆਵਾਂਗੇ ਤਾਂ ਇਹ ਸਾਰੀਆਂ ਗੱਲਾਂ ਆਪਣੇ ਆਪ ਹੁੰਦੀਆਂ ਜਾਣਗੀਆਂ। ਜੜ੍ਹ ਤੋਂ ਹੀ ਸ਼ਾਖ਼ਾਂ ਫੁਟਣੀਆਂ ਹਨ।

ਸਾਡੇ ਨੇਤਾ, ਵਡੇ ਵਡੇ ਕਥਾਕਾਰ ਅਤੇ ਪੰਥ ਦੇ ਉਘੇ ਵਿਦਵਾਨ ਆਪਣੀਆਂ ਉਕਤੀਆਂ ਯੁਕਤੀਆਂ ਤੇ ਸਹਸ ਸਿਆਣਪਾਂ ਨਾਲ, ਕੌਮ ਨੂੰ ਸਹੀ ਅਰਥਾਂ ਵਿਚ ਨਾਮ ਦੇ ਧੁਰੇ ਨਾਲੋਂ ਵਿਛੋੜ ਕੇ ਬੈਰੂਨੀ ਦਿਖਾਵੇ ਤੇ ਇਸ਼ਤਿਹਾਰਬਾਜ਼ੀ ਵਾਲੀ ਸਿਖੀ ਵਲ ਲਿਜਾ ਰਹੇ ਹਨ, ਜਿਸ ਨਾਲ ਬਾਹਰਮੁਖੀ ਚਤੁਰਾਈਆਂ, ਦਲੀਲ-ਬਾਜ਼ੀਆਂ ਅਤੇ ਮਨ ਨੂੰ ਤਸੱਲੀ ਦੇਣ ਵਾਲੀਆਂ ਨਵੀਨੀਆਂ ਤਾਂ ਬਥੇਰੀਆਂ ਆ ਰਹੀਆਂ ਹਨ, ਪਰ ਅੰਤਰਮੁਖੀ ਨਾਮ-ਸਿਮਰਨ-ਕਮਾਈਆਂ ਕਰ ਕੇ ਸਹੀ ਤੌਰ ਤੇ ਸਿਖੀ ਜੀਵਨ ਵਲੋਂ ਕੋਰਾਪਨ ਹੀ ਵਰਤਾ-ਇਆ ਜਾ ਰਿਹਾ ਹੈ।

---

## "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥

[ਵਲੋਂ—ਭਾਈ ਦੇਵਾ ਸਿੰਘ ਜੀ 'ਕਿਰਤੀ']

'ਤੇਗ ਬਹਾਦਰ ਸੀ ਕਿਰਿਆ ਕਰੀ ਨਾ ਕਿਨਹੂ ਆਨ'।
ਸ਼ਾਂਤਮਈ ਦਾ ਜਿਸ ਤਰ੍ਹਾਂ ਦਿਤਾ ਸੀ ਇਮਤਿਹਾਨ।੧।

ਪਾਏ ਸੋਹਣੇ ਪੂਰਨੇ, ਕੀਤਾ ਜਗਤ ਹੈਰਾਨ।
ਸਿੰਘ ਸੂਰਮੇ ਜਿਨ੍ਹਾਂ ਤੇ, ਟੁਰਦੇ ਨਾ ਘਬਰਾਣ।੨।

ਐਸਾ ਸੋਹਣਾ ਦਸਿਆ, ਰਸਤਾ ਆਏ ਮਹਾਨ।
ਜਾਨ ਪਿਆਰੀ ਵਾਰ ਕੇ, ਕੀਤੇ ਬਚਨ ਨਿਭਾਣ।੩।

ਈਨ ਨ ਮੰਨਣ ਜ਼ੁਲਮ ਦੀ, ਦੇਵਣ ਵਾਰ ਪਰਾਣ।
ਜੋ ਜੋ ਆਵੇ ਸੀਸ ਤੇ, ਕਰ ਕੇ ਸ਼ੁਕਰ ਵਿਖਾਣ।੪।

ਰੁੜ੍ਹਦੀ ਜਾਂਦੀ ਸ਼ਾਨ ਨੂੰ, ਅਣਖਾਂ ਨਾਲ ਬਚਾਣ।
ਦੁਖ ਸੁਖ ਦੋਵੇਂ ਕਪੜੇ, ਖ਼ੁਸ਼ੀਆਂ ਨਾਲ ਹੰਢਾਣ।੫।

ਪਰ-ਪੀੜਾ ਦੇ ਹਰਨ ਨੂੰ, ਪੀੜਾ ਸੀਸ ਉਠਾਣ।
ਨਾ ਜੰਞੂ ਨਾ ਤਿਲਕ ਸੀ, ਅਪਣਾ ਧਰਮ-ਨਿਸ਼ਾਨ।੬।

ਖ਼ਾਤਰ ਪੰਡਤਾਂ ਪਾਂਧਿਆਂ, ਹੋਣਾ ਇਵ ਬਲੀਦਾਨ।
'ਕਿਰਤੀ' ਕੋਈ ਮਿਸਾਲ ਨਾ, ਮਿਲਦੀ ਵਿਚ ਜਹਾਨ।੭।



www.AKJ.Org

# (੧) ਗੁਰਪੁਰਬ-ਜਲੂਸ ਵਿਚ ਭੰਗੜਾ

ਸਾਡੇ ਪਾਸ ਮਨੀ ਮਾਜਰਾ ਤੋਂ ਇਕ ਦਰਦੀ ਵੀਰ ਜੀ ਵਲੋਂ ਇਕ ਪਤਰਕਾ ਪੁਜੀ ਹੈ, ਜਿਸ ਵਿਚ ਉਹ ਲਿਖਦੇ ਹਨ ਕਿ—

"ਇਹ ਪੜ੍ਹ ਕੇ ਬਹੁਤ ਦੁਖ ਹੋਇਆ ਕਿ ਸੁਭਾਗ ਤਾਜਪੋਸ਼ੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ ਤੇ ਗੁਰ-ਪੁਰਬ ਕਮੇਟੀ ਸ਼ੇਰੇ ਪੰਜਾਬ ਮਾਰਕੀਟ ਪਟਿਆਲਾ ਨੇ ਇਕ ਇਸ਼ਤਿਹਾਰ ਕਢਿਆ ਕਿ ਪੁਰਬ ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਤੇ ਜਲੂਸ ਅਗੇ ਕੀਰਤਨ ਤੇ ਗਤਕੇ ਤੋਂ ਇਲਾਵਾ ਭੰਗੜਾ ਵੀ ਪਾਇਆ ਜਾਵੇਗਾ ।"

ਨਗਰ-ਕੀਰਤਨਾਂ ਦਾ ਨਿਸ਼ਾਨਾ ਤਾਂ ਇਹ ਸੀ ਕਿ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਦੀ ਪਾਵਨ ਸਵਾਰੀ ਦੀ ਰਹਿਨੁਮਾਈ ਵਿਚ, ਖ਼ੁਸ਼ੀਆਂ ਮਲਾਰ੍ਹਾਂ ਵਿਚ ਗੁਰਬਾਣੀ ਦੇ ਅਨਿਕ-ਤਰੰਗੀ ਹਿਰਦੇ-ਵਿਨ੍ਹਵੇਂ ਕੀਰਤਨ ਦੀਆਂ ਗੁੰਜਾਰਾਂ ਪਾਈਆਂ ਜਾਣ ਅਤੇ ਸਮੂਹ ਨਗਰ-ਨਿਵਾਸੀ ਇਨ੍ਹਾਂ ਨਗਰ-ਕੀਰਤਨੀ ਸਤਸੰਗ-ਮੰਡਲੀਆਂ ਵਿਚ ਸ਼ਾਮਲ ਹੋ ਕੇ ਲਾਹ ਪ੍ਰਾਪਤ ਕਰ ਸਕਣ ।

ਇਹ ਪ੍ਰਯੋਜਨ ਨਗਰ ਦੇ ਵਾਤਾਵਰਨ ਨੂੰ ਸੁਧਾਰਨ ਨਮਿਤ ਹੁੰਦੇ ਹਨ, ਪਰ ਅਜ ਕੀ ਹੋ ਰਿਹਾ ਹੈ ਕਿ ਨਗਰ-ਕੀਰਤਨਾਂ ਦੀ ਥਾਂ ਜਲੂਸਾਂ ਨੇ ਮਲ ਲਈ ਹੈ । ਭਾਵ ਗੁਰਪੁਰਬਾਂ ਸਮੇਂ ਚਾਵਾਂ ਮਲ੍ਹਾਰਾਂ ਵਿਚ ਵਿਗਸ ਵਿਗਸ ਕੇ ਗੁਰੂ-ਆਗਮਨ ਦੀਆਂ ਖ਼ੁਸ਼ੀਆਂ ਵਿਚ ਮੰਗਲ ਦੇ ਸ਼ਬਦ ਗਾਇਨ ਕਰਨ ਦੀ ਥਾਂ, ਫੋਕੀਆਂ ਟੌਹਰਾਂ ਕਢ ਕਢ ਕੇ ਡੰਡਾ-ਪਾਰਟੀਆਂ, ਢਮਕੀਰੀ ਪਾਰਟੀਆਂ ਅਤੇ ਸ਼ੋਰ-ਸ਼ਰਾਬੇ ਤੇ ਦਿਖਲਾਵੇ ਨੇ ਲੈ ਲਈ ਹੈ । ਇਥੇ ਹੀ ਬਸ ਨਹੀਂ, ਸਗੋਂ ਉਪਰੋਕਤ ਹਵਾਲੇ ਅਨਸਾਰ ਤਾਂ ਇਨ੍ਹਾਂ ਗੁਰਪੁਰਬਾਂ ਦੇ ਸੁਭ ਪਵਿਤਰ ਦਿਹਾੜਿਆਂ ਸਮੇਂ ਬਾਂਦਰਾਂ ਵਾਂਗ ਟਪ-ਟਪੂਸੀਆਂ ਮਾਰਨੀਆਂ (ਜਿਸ ਨੂੰ ਅਜੋਕੇ ਸਭਯ ਲੋਕ ਭੰਗੜੇ ਆਖਦੇ ਹਨ) ਭੀ ਅਰੰਭ ਹੋ ਰਹੀਆਂ ਹਨ । ਇਹ ਕੈਸੀ ਅਧੋਗਤੀ ਅਤੇ ਰਸਾਤਲ ਵਿਚ ਪਹੁੰਚਾਉਣ ਵਾਲੀ ਮਨਮਤ ਹੈ । ਧਾਰਮਕ ਕਮੇਟੀਆਂ ਦੇ ਆਪੋਂ ਬਣੇ ਚੌਧਰੀ ਕਿਧਰ ਨੂੰ ਰੁੜ੍ਹੇ ਜਾ ਰਹੇ ਹਨ ? ਇਨ੍ਹਾਂ ਅੰਦਰ ਰਤਾ ਭੀ ਗੁਰਮਤਿ ਭੈ-ਭਾਵਨੀ ਨਹੀਂ ਰਹੀ । ਨਾਂ ਕਿਸੇ ਦਾ ਡਰ ਹੈ ਅਤੇ ਨਾ ਹੀ ਅੰਦਰ ਸੱਚਾ ਸੁੱਚਾ ਪਿਆਰ ਹੈ । ਇਹ ਨਿਰਾ ਦਿਖਾਵਾ ਤੇ ਫੋਕੀ ਚੌਧਰ ਚਮਕਾਉਣ ਲਈ ਵਾਹ ਵਾਹ ਪ੍ਰਾਪਤ ਕਰਨ ਦਾ ਚਸਕਾ ਹੈ । ਅਜਿਹੇ ਪ੍ਰੋਗਰਾਮਾਂ ਦਾ ਪਸਾਰਾ ਕਰ ਕੇ ਆਪ ਤਾਂ ਗੁਮਰਾਹ ਹੋਏ ਹੋਏ ਹੀ ਹਨ, ਹੁਣ ਇਹ ਭੋਲੀ ਭਾਲੀ ਲੁਕਾਈ ਨੂੰ ਭੀ ਗੁਮਰਾਹ ਕਰ ਰਹੇ ਹਨ । ਬਸ ਹੁਣ ਗੁਰੂ ਹੀ ਰਾਖਾ ਹੈ ।

# (੨) ਅਨੰਦ ਕਾਰਜ ਸਮੇਂ ਭੰਗੜੇ ਤੇ ਮੀਟ ਸ਼ਰਾਬ

ਇਕ ਹੋਰ ਦਰਦੀ ਵੀਰ ਜੀ ਮੁਗਲ ਸਰਾਏ ਤੋਂ ਲਿਖਦੇ ਹਨ ਕਿ ਵਿਆਹ ਸ਼ਾਦੀਆਂ ਸਮੇਂ ਭੰਗੜੇ ਪਾਉਣੇ ਅਤੇ ਮੀਟ ਸ਼ਰਾਬਾਂ ਦੀ ਵਰਤੋਂ ਕਰਨੀ ਕੀ ਗੁਰਮਤਿ ਦੇ ਉਲਟ ਨਹੀਂ ਹੈ ? ਅਤੇ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਤੀ ਇਸ ਦੀ ਰੋਕ ਥਾਮ ਲਈ ਕੀ ਕਰ ਰਹੀ ਹੈ ?

ਇਹ ਮਸਲਾ ਸਚ ਮੁਚ ਹੀ ਡਾਢਾ ਵਿਗੜ ਚੁਕਾ ਹੈ । ਕੇਵਲ ਵਿਗੜ ਹੀ ਨਹੀਂ ਗਿਆ ਸਗੋਂ ਕੌਮ ਦੀ ਅਧੋਗਤੀ ਲਈ ਰਸਾਤਲ ਵਲ ਲਿਜਾ ਰਿਹਾ ਹੈ । ਕਿਤਨੀ ਸ਼ਰਮਨਾਕ ਗੱਲ ਹੈ ਕਿ ਗਲੀਆਂ ਮਹੱਲਿਆਂ ਤੇ ਬਜ਼ਾਰਾਂ ਵਿਚ ਸ਼ਰੇ-ਆਮ ਵਾਜਿਆਂ ਗਾਜਿਆਂ ਤੇ ਢੋਲ-ਦੁਮੱਕਿਆਂ ਦੀਆਂ ਤਾਨਾਂ ਨਾਲ ਪੈਰ ਮਿਲਾ ਮਿਲਾ ਕੇ ਕਲੰਦਰ ਦੇ ਰਿਛ ਵਾਂਗੂ ਟਪਣਾ ਅਜ ਕਲ ਦੀ ਮੁਹੱਜ਼ਬ ਸਭਿਅਤਾ ਵਿਚ ਭੰਗੜਾ ਕਹਾਉਣ ਲਗ ਪਿਆ ਹੈ । ਪਹਿਲਾਂ ਪਹਿਲ ਤਾਂ ਨੌਜਵਾਨ ਮਨਚਲੇ ਛੋਕਰਿਆਂ ਨੇ ਹੀ ਇਸ ਕੋੜ੍ਹੀ ਬੀਮਾਰੀ ਨੂੰ ਅਰੰਭਿਆ ਸੀ, ਪਰ ਹੁਣ ਇਹ ਛੂਤ ਦਾ ਰੋਗ ਦਿਨ ਬਦਿਨ ਵਧਦਾ ਹੀ ਜਾਂਦਾ ਹੈ ਅਤੇ ਵਿਆਹਾਂ ਸ਼ਾਦੀਆਂ ਸਮੇਂ ਨੌਜਵਾਨ ਯੁਵਤੀਆਂ ਵੀ ਵੇਸ਼ਵਾਵਾਂ ਵਾਂਗੂ ਫ਼ੈਸ਼ਨ ਤੇ ਹਾਰ ਸ਼ਿੰਗਾਰ ਲਾ ਕੇ ਸਰੇ ਬਜ਼ਾਰ ਮਜਮੇ ਬਣਾ ਕੇ



www.AKJ.Org

ਭੰਗੜੇ ਪਾਉਣ ਲਗ ਪਈਆਂ ਹਨ ।

ਸਾਡੇ ਦੇਸ ਵਿਚ ਇਸਤ੍ਰੀ ਜਾਤੀ ਦੇ ਸ਼ਰਮ ਹਯਾ ਵਿਚ ਰਹਿਣ ਵਾਲੇ ਪਹਿਰਾਵੇ ਵਿਚ ਵਿਚਰਨ ਦੀਆਂ ਉਦਾਹਰਨਾਂ ਦਿਤੀਆਂ ਜਾਂਦੀਆਂ ਸਨ ਅਤੇ ਕੋਈ ਵੀ ਸਾਊ ਇਸਤ੍ਰੀ ਕਿਸੇ ਬਿਗਾਨੇ ਮਰਦ ਵਲ ਅੱਖ ਚੁਕ ਕੇ ਭੀ ਨਹੀਂ ਸੀ ਤਕਦੀ, ਆਪਣੇ ਸੀਲ ਧਰਮ (ਪਤੀਬ੍ਰਤਾ ਧਰਮ) ਵਿਚ ਪਰਪੱਕ ਰਹਿ ਕੇ ਪਤੀ-ਪਿਆਰ ਨੂੰ ਸੁਆਸਾਂ ਤਕ ਤੋੜ ਨਿਭਾਂਦੀ ਸੀ। ਅਜਿਹਾ ਸਭ ਕੁਝ ਸ਼ਰਮ ਹਯਾ ਦੀ ਬਦੌਲਤ ਹੀ ਸੀ। ਪਰ ਅਜ ਕਲ੍ਹ ਦੇ ਨਿਰਲਜ ਵਾਤਾਵਰਨ ਤੇ ਬੇਹਯਾਈ ਦੇ ਨੰਗ-ਮਨੰਗੇ ਫ਼ੈਸ਼ਨਾਂ ਆਦਿ ਨੇ ਤਾਂ ਨੌਬਤ ਇਥੋਂ ਤਕ ਪਹੁੰਚਾ ਦਿਤੀ ਹੈ ਕਿ ਅਜ ਵਿਆਹ ਹੁੰਦਾ ਹੈ ਤੇ ਕਲ੍ਹ ਤੋੜ-ਵਿਛੋੜੇ ਸ਼ੁਰੂ ਹੋ ਜਾਂਦੇ ਹਨ। ਇਹ ਇਸ ਨਿਰਲਜਤਾ ਤੇ ਬੱਲ-ਵਿਗਾੜੀ ਹੈਂਕੜ ਦਾ ਫਲ ਹੀ ਭੋਗਣਾ ਪੈ ਰਿਹਾ ਹੈ। ਪਤੀ-ਪਤਨੀ-ਪਿਆਰ ਅਤੇ ਸ਼ਰਮ ਧਰਮ ਵਾਲੀਆਂ ਗੱਲਾਂ ਖੰਭ ਲਾ ਉਡ ਗਈਆਂ ਹਨ।

ਅਨੰਦ ਕਾਰਜਾਂ ਨੂੰ ਇਕ ਪਵਿਤਰ ਸਮਾਗਮ ਸਮਝਿਆ ਜਾਂਦਾ ਸੀ ਅਤੇ ਅਜਿਹੇ ਸਮਾਗਮਾਂ ਵਿਚ ਕੋਈ ਪਾਪ-ਕਰਮ ਨਹੀਂ ਸੀ ਕੀਤਾ ਜਾਂਦਾ। ਕੜਾਹ ਤੇ ਖੀਰ ਆਦਿ ਸਤੋਗੁਣੀ ਅੰਮ੍ਰਿਤ-ਭੋਜਨ ਵਰਤਾਏ ਜਾਂਦੇ ਸਨ। ਪਰ ਅਜ ਕਲ੍ਹ ਕੋਡੇ ਰਾਕਸ਼ ਦੀਆਂ ਭੁਗਤਾਂ ਤਿਤਰਾਂ ਮੁਰਗਿਆਂ ਤੇ ਬਕਰਿਆਂ ਦੀਆਂ ਮੁੰਡੀਆਂ ਮਰੋੜ ਕੇ ਖ਼ੂਨ ਦੇ ਲੁਆਜ਼ਮੇ ਬਣਾਏ ਜਾਂਦੇ ਹਨ ਅਤੇ ਸ਼ਰਾਬ ਦੀਆਂ ਨਦੀਆਂ ਬਹਾਈਆਂ ਜਾਂਦੀਆਂ ਹਨ। ਅਜਿਹੇ ਰਾਕਸ਼-ਖਾਣੇ ਅੱਜ ਕਲ੍ਹ ਆਮ ਬਰਾਤਾਂ ਵਿਚ ਵੇਖੇ ਜਾਂਦੇ ਹਨ। ਮੀਟ ਸ਼ਰਾਬਾਂ ਨੂੰ ਅਜ ਕਲ੍ਹ ਵਿਆਹਵਾਂ ਦੀ ਸ਼ਾਨ ਸਮਝਿਆ ਜਾਂਦਾ ਹੈ। ਸੈਂਕੜੇ ਜੀਵਾਂ ਦੀ ਹਤਿਆ ਕਰ ਕੇ ਜਿਹੜਾ ਮਹੱਲ ਉਸਾਰਿਆ ਜਾਂਦਾ ਹੈ, ਕਦਾਚਿਤ ਵੀ ਸੁਖਦਾਇਕ ਨਹੀਂ ਹੋ ਸਕਦਾ, ਸਗੋਂ ਇਸ ਤਰ੍ਹਾਂ ਉਸ ਜੋੜੀ ਦੇ ਸਿਰ ਪਾਪਾਂ ਦੀ ਪੰਡ ਲਦ ਦਿਤੀ ਜਾਂਦੀ ਹੈ। ਅਕਾਲ ਪੁਰਖ ਦੀ ਦਰਗਾਹ ਵਿਚ ਅਜਿਹੇ ਘੋਰ ਪਾਪ ਕਦੇ ਬਖ਼ਸ਼ੇ ਨਹੀਂ ਜਾ ਸਕਦੇ।

ਗੁਰਮਤਿ ਸਾਦਗੀ, ਨਿਰਮਲਤਾ ਤੇ ਸਵੱਛਤਾ ਵਲ ਲਿਜਾਂਦੀ ਹੈ। ਸਾਦਾ ਖਾਣਾ, ਸਾਦਾ ਪਹਿਨਣਾ ਅਤੇ ਸਾਦਗੀ ਵਿਚ ਵਿਚਰਨਾ, ਭਾਵ ਸੰਜਮੀ ਜੀਵਨ ਜੀਊਣਾ ਹੀ ਗੁਰਮਤਿ ਹੈ। ਵਿਆਹਵਾਂ ਤੇ ਅਡੰਬਰ ਰਚਣੇ, ਮਾਇਆ ਦੀਆਂ ਨੁਮਾਇਸ਼ਾਂ ਕਰਨੀਆਂ ਅਤੇ ਵਡਪੁਣੇ ਦੇ ਜਸ਼ਨ ਮਨਾਣੇ ਨਿਰੀ ਮਨਮਤਿ ਹੈ। ਗੁਰਮਤਿ ਤਾਂ ਗਰੀਬੀ ਅਤੇ ਨਿਰਮਾਣਤਾ ਸਿਖਾਲਦੀ ਹੈ। ਭਾਈ ਗੁਰਦਾਸ ਜੀ ਕਿਹਾ ਸਪੱਸ਼ਟ ਕਰਦ ਹਨ—

ਹਉ ਤਿਸੁ ਘੋਲਿ ਘੁਮਾਇਆ,
ਗੁਰਮਤਿ ਰਿਦੈ ਗਰੀਬੀ ਆਵੈ ॥

ਲੋਕ-ਲਾਜ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ। ਬਹੁਤ ਸਾਰੇ ਲੋਗ; ਲੋਕ-ਲਾਜ ਵਿਚ ਫਸ ਕੇ ਹੀ ਸੱਟਾਂ ਖਾਂਦੇ ਹਨ ਅਤੇ ਆਪਣੇ ਆਪ ਨੂੰ ਤਬਾਹ ਕਰਦੇ ਹਨ। ਇਸ ਨਾਲ ਉਨ੍ਹਾਂ ਦਾ ਸੌਰਦਾ ਕੁਝ ਨਹੀਂ, ਸਗੋਂ ਔਖੇ ਹੁੰਦੇ ਹਨ। ਇਥੇ ਵੀ ਔਖੇ ਹੁੰਦੇ ਹਨ ਅਤੇ ਅੱਗਾ ਵੀ ਵਿਗਾੜ ਲੈਂਦੇ ਹਨ।

ਸਾਡੀਆਂ ਧਾਰਮਕ ਸਭਾ ਸੁਸਾਇਟੀਆਂ ਅਤੇ ਖ਼ਾਸ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਇਸ ਵਧ ਰਹੀ ਮਨਮਤ ਵਲ ਉਚੇਚਾ ਧਿਆਨ ਦੇਣਾ ਲੋੜੀਦਾ ਹੈ। ਗੁਰਮਤਿ ਦੇ ਪਰਚਾਰਕਾਂ ਨੂੰ ਜੁਰਅਤ ਤੋਂ ਕੰਮ ਲੈਣਾ ਚਾਹੀਦਾ ਹੈ, ਅਤੇ ਧੇਤਿਆਂ ਪੁਤੇਤਿਆਂ ਦੇ ਲਿਹਾਜ਼ ਵਿਚ ਆ ਕੇ ਮੂੰਹ ਵਿਚ ਘੁੰਗਣੀਆਂ ਨਹੀਂ ਪਾ ਲੈਣੀਆਂ ਚਾਹੀਦੀਆਂ ਹਨ। ਇਨ੍ਹਾਂ ਦਿਨਾਂ ਵਿਚ ਹੀ ਅਜੀਤ ਨਗਰ ਅੰਮ੍ਰਿਤਸਰ ਵਿਖੇ ਵੇਖਿਆ ਗਿਆ ਹੈ ਕਿ ਸਾਡੇ ਇਕ ਜ਼ਿਮੇਵਾਰ ਹੈਡ ਪਰਚਾਰਕ ਜੀ ਅਜਿਹੇ ਮਨਮਤੀ ਭੰਗੜੇ ਪੈਂਦੇ ਅੱਖੀਂ ਵੇਖ ਕੇ ਵੀ ਦੜ ਵੜ ਗਏ ਅਤੇ ਲਿਹਾਜ਼ ਵਿਚ ਆ ਕੇ ਇਸ ਬਾਰੇ ਕੁਝ ਵੀ ਬੋਲਣੋਂ ਨਾਂਹ ਕਰ ਦਿਤੀ। ਅਜਿਹੇ ਅਖੌਤੀ ਪਰਚਾਰ ਦਾ ਕੀ ਲਾਭ ? ਜੇ ਸਾਡੇ ਮੁਖੀ ਪਰਚਾਰਕ ਹੀ ਮਨਮਤੀ ਸਮਾਗਮਾਂ ਵਿਚ ਸ਼ਾਮਲ ਹੋ ਕੇ ਮਨਮਤ ਦੇ ਬਰਖ਼ਿਲਾਫ਼ ਨਹੀਂ ਬੋਲ ਸਕਦੇ ਤਾਂ ਗੁਰਮਤਿ ਦੀ ਆਸ ਕਿਥੋਂ ਰਖੀਏ ? ਅਜਿਹੇ ਪਰਚਾਰਕਾਂ ਨੂੰ ਆਪਣੇ ਲੋਭ ਨਾਲ ਹੀ ਸੰਬੰਧ ਹੈ, ਗੁਰਮਤਿ ਨਾਲ ਬਿਲਕੁਲ ਨਹੀਂ।



www.AKJ.Org

# ਧਾਰਮਕ ਪੱਤਰਾਂ ਵਿਚ ਗੁਰਬਾਣੀ-ਸਤਿਕਾਰ

ਬੜੇ ਦੁਖ ਨਾਲ ਲਿਖਣਾ ਪੈ ਰਿਹਾ ਹੈ ਕਿ ਕਿਸੇ ਪਾਠਕ ਨੇ 'ਸੂਰਾ' ਪੱਤਰ ਦੇ ਪਰਚੇ ਆਮ ਰਦੀ ਵਾਂਗ ਕਿਸੇ ਨੂੰ ਵੇਚੇ, ਜਿਸ ਤੋਂ ਲਫ਼ਾਫ਼ੇ ਬਣਾ ਕੇ ਬਜ਼ਾਰ ਵਿਚ ਆਏ, ਜੋ ਸਾਡੇ ਤਕ ਪਹੁੰਚ ਗਏ। ਇਸੇ ਤਰ੍ਹਾਂ ਦੇ ਹੋਰ ਵੀ ਗੁਰਮਤਿ ਪੱਤਰਾਂ ਦੀਆਂ ਕਾਪੀਆਂ ਅਤੇ ਗੁਰਬਾਣੀ ਵਾਲੇ ਪੰਨੇ ਪ੍ਰੈਸਾਂ, ਦਫ਼ਤਰੀ-ਖ਼ਾਨਿਆਂ, ਅਤੇ ਗੁਰਬਾਣੀ ਦੇ ਪ੍ਰਕਾਸ਼ਕਾਂ ਜਾਂ ਵੇਚਣ ਵਾਲਿਆਂ ਦੀ ਲਾਪਰਵਾਹੀ ਸਦਕਾ ਲਫ਼ਾਫ਼ਿਆਂ ਦੀ ਸ਼ਕਲ ਕਿਤੇ ਨਾ ਕਿਤੇ ਵੇਖਣ ਵਿਚ ਆਉਂਦੇ ਰਹਿੰਦੇ ਹਨ।

ਗੁਰਬਾਣੀ ਦਾ ਸਤਿਕਾਰ ਕਰਨਾ ਹਰੇਕ ਨਾਨਕ ਨਾਮ ਲੇਵਾ ਦਾ ਫ਼ਰਜ਼ ਹੈ। ਗੁਰਬਾਣੀ ਦੇ ਸਤਿਕਾਰ ਨਾਲ ਹੀ ਗੁਰਬਾਣੀ ਦਾ ਪਿਆਰ ਉਪਜਦਾ ਹੈ ਅਤੇ ਗੁਰੂ-ਚਰਨਾਂ ਲਈ ਪ੍ਰੀਤ ਬਣ ਆਉਂਦੀ ਹੈ। ਜਿਹੜਾ ਵੀ ਇਸ ਵਲੋਂ ਕੋਤਾਹੀ ਕਰਦਾ ਹੈ ਉਹ ਗੁਰੂ ਕੀ ਦਰਗਾਹ ਵਿਚ ਦੋਸ਼ੀ ਹੈ। ਅਤੇ ਉਸ ਨੂੰ ਆਪਣੇ ਦੋਸ਼ ਦੀ ਸਜ਼ਾ ਅਵੱਸ਼ ਭੁਗਤਣੀ ਪਏਗੀ।

ਸੋ ਅਸੀਂ ਸਮੂੰਹ ਸਜਣਾਂ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਗੁਰਬਾਣੀ ਲਿਖਤ ਵਾਲੇ ਪੰਨੇ ਰਦੀ ਦੇ ਤੌਰ ਤੇ ਵੇਚਣੇ ਜਾਂ ਰਦੀ ਦੀ ਥਾਂ ਆਪ ਵਰਤਣੇ ਅਯੋਗ ਹਨ ਅਤੇ ਸਦਾ ਇਸ ਗੱਲ ਦਾ ਪੂਰਾ ਖ਼ਿਆਲ ਰਖਿਆ ਜਾਏ। ਜਿਨ੍ਹਾਂ ਪਤਰਿਆਂ ਵਿਚ ਥੋੜੀ ਜਿਹੀ ਵੀ ਗੁਰਬਾਣੀ ਹੋਵੇ ਉਨ੍ਹਾਂ ਦਾ ਸਤਿਕਾਰ ਕਰਨਾ ਵੀ ਲਾਜ਼ਮੀ ਹੈ। ਜੇ ਉਹ ਪਤਰੇ ਜਾਂ ਲਿਖਤਾਂ ਸਾਂਭਣ ਦੀ ਲੋੜ ਨਾ ਹੋਵੇ ਤਾਂ ਉਨ੍ਹਾਂ ਨੂੰ ਅਗਨ-ਭੇਟ ਕਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਮਾਸਕ ਪੱਤਰ ਆਪ ਪੜ੍ਹਨ ਤੋਂ ਬਾਅਦ ਜੇ ਆਪ ਰਖਣ ਦੀ ਲੋੜ ਨਾ ਭਾਸੇ ਤਾਂ ਹੋਰ ਸਜਣਾਂ ਨੂੰ ਪੜ੍ਹਨ ਲਈ ਦੇ ਦਿਤੇ ਜਾਣ ਜਾਂ ਕਿਸੇ ਲਾਇਬ੍ਰੇਰੀ ਵਿਚ ਪਹੁੰਚਾ ਦਿਤੇ ਜਾਣ, ਤਾਂ ਜੁ ਗੁਰਮਤਿ ਦੇ ਲੇਖਾਂ ਨੂੰ ਪੜ੍ਹ ਕੇ ਹੋਰ ਸਜਣ ਵੀ ਲਾਭ ਪ੍ਰਾਪਤ ਕਰ ਸਕਣ। ਜਿਲਦਾਂ ਬੰਨ੍ਹਣ ਵਾਲੇ ਸਜਣ ਵਾਧੇ ਘਾਟੇ ਦੇ ਗੁਰਬਾਣੀ ਵਾਲੇ ਫ਼ਰਮੇ ਅਗਨ-ਭੇਟ ਕਰਨ, ਨਾ ਕਿ ਰੱਦੀ ਦੇ ਤੌਰ ਤੇ ਵਰਤਣ। ਹਰੇਕ ਸਜਣ ਤੇ ਹਰੇਕ ਸੰਸਥਾ ਦਾ ਇਸ ਪਰਥਾਇ ਫ਼ਰਜ਼ ਬਣਦਾ ਹੈ ਕਿ ਉਹ ਜਿਥੇ ਵੀ ਅਜਿਹੀ ਬੇਅਦਬੀ ਹੁੰਦੀ ਵੇਖਣ ਉਥੇ ਹੀ ਉਸ ਨੂੰ ਰੋਕਣ ਦੇ ਉਪਰਾਲੇ ਕਰਨ।

---

[ ੨੩ ਸਫ਼ੇ ਦੀ ਬਾਕੀ ]

"ਕੋਈ ਹਰਿਆ ਬੂਟੁ ਰਹਿਓ ਰੀ" ਦੀ ਜਦੋਂ ਕੋਈ ਸੋਅ ਸੁਣੀਦੀ ਹੈ ਤਾਂ ਮਨ ਨੂੰ ਕੁਝ ਧੀਰਜ ਆਉਂਦੀ ਹੈ। ਦਿਲੀ ਵਿਚ ਸਿੰਘਾਪੁਰੋਂ ਆਏ ਇਕ ਕਰੋੜਪਤੀ ਸਿਖ ਦੀ ਬੱਚੀ ਦੇ ਵਿਆਹ ਤੇ ਹਜ਼ਾਰਾਂ ਬੰਦਿਆਂ ਦਾ ਮੇਲ ਜੁੜਿਆ। ਇਕ ਉਘੇ ਗਿਆਨੀ ਜੀ ਨੂੰ ਇਸ ਕਾਰਜ ਦੀ ਅਦਾਇਗੀ ਲਈ ਸੱਦਾ ਦਿਤਾ ਗਿਆ। ਪਰ ਉਹ ਸ਼ਾਮ ਦੀ ਅਰੰਭਕ ਮਨਮਤਿ ਨੂੰ ਵੇਖ ਕੇ ਹੀ ਘਰ ਵਾਪਸ ਚਲੇ ਗਏ। ਬਥੇਰਾ ਰੋਕਿਆ, ਪਰ ਉਹ ਨਾ ਰੁਕੇ। ਸਵੇਰੇ ਅਨੰਦ-ਕਾਰਜ ਲਈ ਗਿਆਨੀ ਜੀ ਨੂੰ ਮਨਾਉਣ ਲਈ ਉਹ ਫਿਰ ਉਸ ਦੇ ਘਰ ਗਏ। ਪਰ ਉਨ੍ਹਾਂ ਸਾਫ਼ ਉਤਰ ਦਿਤਾ ਕਿ ਤੁਸਾਂ ਜੈਮਾਲਾ ਪਾ ਪੁਆ ਕੇ ਵਿਆਹ ਤਾਂ ਕਰ ਲਿਆ ਹੈ ਤੇ ਹੁਣ ਅਨੰਦ ਕਾਰਜ ਦੀ ਕੀ ਲੋੜ ਰਹਿ ਗਈ ਹੈ? ਜੇ ਤੁਸੀਂ ਅਨੰਦ-ਕਾਰਜ ਕਰਨ ਦੀ ਲੋੜ ਸਮਝਦੇ ਹੋ, ਅਤੇ ਮੈਨੂੰ ਵੀ ਲਿਜਾਣਾ ਹੈ ਤਾਂ ਆਪਣੀ ਕੀਤੀ ਮਨਮਤ ਦੀ ਦੋਵੇਂ ਧਿਰਾਂ ਭਰੀ ਸੰਗਤ ਵਿਚ ਗਲ ਪਲਾ ਪਾ ਕੇ ਮਾਫ਼ੀ ਮੰਗੋ ਅਤੇ ਪ੍ਰਣ ਕਰੋ ਕਿ ਅਗੋਂ ਕਦੇ ਅਜਿਹਾ ਨਹੀਂ ਕਰੋਗੇ। ਚੁਨਾਂਚਿ ਐਸਾ ਹੀ ਹੋਇਆ ਅਤੇ ਹਜ਼ਾਰਾਂ ਦੀ ਹਾਜ਼ਰੀ ਵਿਚ ਲੜਕੇ ਅਤੇ ਲੜਕੀ ਦੇ ਬਾਪ ਖੜੋ ਗਏ ਅਤੇ ਕੀਤੀ ਭੁਲ ਦਾ ਪਸਚਾਤਾਪ ਕੀਤਾ।

ਸਾਡੇ ਸਮੂੰਹ ਪਰਚਾਰਕਾਂ ਨੂੰ ਇਸ ਤੋਂ ਸਿਖਿਆ ਲੈਣੀ ਚਾਹੀਦੀ ਹੈ ਅਤੇ ਜਿਥੇ ਕਿਤੇ ਵੀ ਮਨਮਤ ਹੁੰਦੀ ਵੇਖਣ ਉਥੇ ਡਟ ਜਾਣ ਅਤੇ ਮਨਮਤੀਆਂ ਨੂੰ ਸਬਕ ਸਿਖਾਉਣ, ਨਾ ਕਿ ਚਾਰ ਟਕਿਆਂ ਖ਼ਾਤਰ ਲਿਹਾਜ਼ ਕਰਦੇ ਫਿਰਨ।



www.AKJ.Org

# ਰਾਣੀ ਗੌਰਜਾਂ

[ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ]

ਸਿੰਘਾਂ ਵਾਂਗ ਸਿੱਖ ਇਸਤ੍ਰੀਆਂ ਦੇ ਜੀਵਨ ਵੀ ਬਹੁਤ ਮਹਾਨਤਾ ਭਰਪੂਰ ਹਨ । ਗੁਰਮਤਿ ਵਿਚ ਰਹਿੰਦਿਆਂ ਹੋਇਆਂ ਉਨ੍ਹਾਂ ਨੇ ਉਹ ਕੁਝ ਕਰ ਦਿਖਾਇਆ, ਜਿਸ ਨੂੰ ਪੜ੍ਹ ਸੁਣ ਕੇ ਅੱਜ ਵੀ ਅਕਲ ਦੰਗ ਰਹਿ ਜਾਂਦੀ ਹੈ । ਉਨ੍ਹਾਂ ਦੇ ਰੋਮ ਰੋਮ ਵਿਚ ਗੁਰੂ ਵਸਿਆ ਹੁੰਦਾ ਸੀ । ਗੁਰੂ-ਪਿਆਰ ਲਈ ਉਹ ਜੀਂਦੀਆਂ ਸਨ ਅਤੇ ਗੁਰੂ-ਪਿਆਰ ਦੀ ਖ਼ਾਤਰ ਉਹ ਮਰ ਮਿਟਦੀਆਂ ਸਨ । ਕੀ ਮਜਾਲ ਉਨ੍ਹਾਂ ਦੇ ਕਦਮ ਡੋਲ ਜਾਣ ? ਕੀ ਮਜਾਲ ਉਨ੍ਹਾਂ ਦੇ ਪੈਰਾਂ ਵਿਚ ਜ਼ਰਾ ਵੀ ਲਰਜ਼ਸ਼ ਆ ਜਾਏ ?

ਪਰ ਅਫ਼ਸੋਸ ! ਉਨ੍ਹਾਂ ਦੇ ਜੀਵਨ, ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਬਹੁਤ ਘਟ ਮਿਲਦੇ ਹਨ । ਜੋ ਥੋੜੇ ਕੁ ਮਿਲਦੇ ਹਨ, ਉਨ੍ਹਾਂ ਤੋਂ ਸਹਿਜੇ ਹੀ ਪਤਾ ਲਗ ਜਾਂਦਾ ਹੈ ਕਿ ਉਨ੍ਹਾਂ ਦਾ ਮਨ ਕਿਵੇਂ ਕੂਕ ਉਠਿਆ ਸੀ । ਗੁਰਬਾਣੀ ਦੇ ਸ਼ਬਦ ਅਨੁਸਾਰ :—

> ਅਬ ਹਮ ਚਲੀ ਠਾਕੁਰ ਪਹਿ ਹਾਰਿ ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ਰਹਾਉ॥ ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥ ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥ ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥੨॥੪॥
>
> ਦੇਵ ਗੰਧਾਰੀ ਮਹਲਾ ੪, ਪੰਨਾ ੫੨੭

ਅਜਿਹੀਆਂ ਉਚ ਜੀਵਨ ਵਾਲੀਆਂ ਇਸਤ੍ਰੀਆਂ ਵਿਚੋਂ, ਇਕ ਰਾਣੀ ਗੌਰਜਾਂ ਦਾ ਨਾਂ ਹੈ । ਰਾਣੀ ਨੇ ਗੁਰੂ ਨਾਨਕ ਸਾਹਿਬ ਜੀ ਪਾਸੋਂ ਜਿਉਂ ਹੀ ਚਰਨ-ਪਾਹੁਲ ਲੈ ਕੇ ਸਿੱਖੀ ਧਾਰਨ ਕੀਤੀ ਤਾਂ ਨਾਮ-ਰੰਗਾਂ ਵਿਚ ਸਦਾ ਲਈ ਰੰਗੀਜੀ ਗਈ । ਆਪਾ ਵਿਸਰ ਗਿਆ । ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੀ ਹੋਈ ਇਸ ਦੁਨੀਆ ਤੋਂ ਤਾਂ ਚਲੀ ਗਈ, ਪਰ ਆਪਣ ਪਿਛੇ ਇਕ ਮਿਠੀ, ਪਿਆਰੀ ਤੇ ਸਦੀਵੀ ਯਾਦ ਛੱਡ ਗਈ ।

ਰਾਣੀ ਗੌਰਜਾਂ ਕਾਂਮਰੂਪ ਦੇਸ਼ (ਆਸਾਮ) ਦੇ ਇਕ ਨਗਰ 'ਧੂਬੜੀ' ਦੀ ਰਹਿਣ ਵਾਲੀ ਸੀ । ਬੀਬੀ ਨੂਰਸ਼ਾਹ ਨੂੰ ਤਾਰ ਕੇ ਗੁਰੂ ਨਾਨਕ ਸਾਹਿਬ ਜੀ ਇਸ ਨਗਰ ਪੁਜੇ ਸਨ । ਰਾਣੀ ਗੌਰਜਾਂ ਦੇ ਸਿੱਖ ਬਣਨ ਦੀ ਉਗਾਹੀ ਗਿਆਨੀ ਗਿਆਨ ਸਿੰਘ ਜੀ ਇਨ੍ਹਾਂ ਸ਼ਬਦਾਂ ਵਿਚ ਭਰਦੇ ਹਨ—

> ਗੁਰੂ ਜੀ ਦੇ ਸ਼ਬਦ ਨੂੰ ਮੰਨ ਕੇ ਬਹੁਤ ਲੋਗ ਪਰਮੇਸ਼ੁਰ ਦੇ ਭਗਤ ਬਣ ਗਏ, ਏਹ ਬਾਤ ਸੁਣ ਕੇ ਓਥੋਂ ਦੀ ਰਾਣੀ ਗੌਰਜਾਂ ਨੇ ਭੀ ਬਾਬੇ ਦਾ ਉਪਦੇਸ਼ ਧਾਰਨ ਕੀਤਾ ।
>
> [ਤਵਾਰੀਖ ਗੁਰੂ ਖ਼ਾਲਸਾ, ਭਾਗ ੧, ਜਿਲਦ ੧, ਸੰਪਾਦਕ ਗਿਆਨੀ ਕਿਰਪਾਲ ਸਿੰਘ ਜੀ, ਪੰਨਾ ੧੭੮

ਸਤਿਗੁਰੂ ਨਾਨਕ ਦੇਵ ਜੀ ਭੁਲੀ ਲੁਕਾਈ ਦਾ ਉਧਾਰ ਕਰਦੇ ਹੋਏ, ਅਤੇ ਹੋਰ ਦੁਖੀ ਜੀਵਾਂ ਨੂੰ ਸਤਿ ਮਾਰਗ ਤੇ ਤੋਰਨ ਲਈ ਧੂਬੜੀ ਤੋਂ ਅਗਾਂਹ ਚਲੇ ਗਏ ਸਨ, ਪਿਛੋਂ ਰਾਣੀ ਗੌਰਜਾਂ ਨੇ ਧੂਬੜੀ ਵਿਚ ਇਕ ਧਰਮਸਾਲਾ ਕਾਇਮ ਕੀਤੀ, ਜਿਥੇ ਗੁਰਬਾਣੀ ਦਾ ਇਲਾਹੀ ਕੀਰਤਨ ਗੂੰਜਣ ਲਗਾ :—

> ਸਤਿਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ ਏਕੋ ਨਾਮੁ ਹੁਕਮੁ ਹੈ, ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥
>
> [ਸਿਰੀ ਰਾਗ ਮਹਲਾ ੧, ਪੰਨਾ ੭੨

ਰਾਣੀ ਗੌਰਜਾਂ ਜੀ ਦੇ ਪਤੀ ਅਤੇ ਪੁੱਤਰ ਦੋਹਾਂ ਵਿਚੋਂ ਕਿਸੇ ਨੇ ਵੀ ਉਸ ਦੇ ਸਿੱਖ ਬਣਨ ਵਿਚ ਖੁਸ਼ੀ ਮਹਿਸੂਸ ਨਹੀਂ ਸੀ ਕੀਤੀ, ਪਰ ਇਕ ਅਬਲਾ ਇਸਤ੍ਰੀ ਹੋ ਕੇ ਇਤਨੀ ਵੱਡੀ ਦਲੇਰੀ ਕਰਨੀ ਕੋਈ ਮਮੂਲੀ ਜਿਹੀ ਗੱਲ ਨਹੀਂ ਸੀ । ਉਥੇ ਤਾਂ ਇਹ ਭਾਣਾ ਵਰਤ ਰਿਹਾ ਸੀ :—



www.AKJ.Org

# ਦਸਮੇਸ਼ ਆਗਮਨ

[ਵਲੋਂ - ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ)]

ਸੁੱਤੀ ਹੋਈ ਖ਼ਲਕ ਜਗਾਉਣ ਚੜ੍ਹਿਆ ਪੂਰਬ ਗੁੱਠੋਂ ਤਾਰਾ।
ਜਿਸ ਦੇ ਚਾਨਣ ਦੀ ਵਲਗਣ ਨੇ ਵਲਿਆ ਆਣ ਚੁਗਿਰਦਾ ਸਾਰਾ।
ਨੂਰੀ ਰਿਸ਼ਮਾਂ ਫੈਲ ਫੈਲ ਕੇ ਕੀਤਾ ਦੂਰ ਜਗਤ-ਅੰਧਿਆਰਾ।
ਅੰਬਰ ਚਿੱਟੀ ਚਾਂਦੀ ਵੰਡੀ ਆਇਆ ਧਰਤੀ ਲਈ ਸਹਾਰਾ।
ਗਿੱਧੇ ਪਾਏ ਆਣ ਉਮੀਦਾਂ ਨਚ ਉਠੀਆਂ ਸਭ ਸਧਰਾਂ ਆਸਾਂ।
ਮੋਈਆਂ ਸੁਰਤਾਂ ਸੁਰਤ ਸੰਭਾਲੀ, ਮਿਟ ਗਈਆਂ ਸਭ ਭੁੱਖਾਂ ਪਿਆਸਾਂ।
ਮਿਲਿਆ ਤਾਣ ਨਿਤਾਣਿਆਂ ਤਾਈਂ ਆਣ ਅਧੀਰਾਂ ਨੂੰ ਧਰਵਾਸਾਂ।
ਨਵ-ਜੀਵਨ ਮਿਲਿਆ ਜੀਵਨ ਨੂੰ ਖ਼ੁਸ਼ੀਆਂ ਖੇੜੇ ਅਤੇ ਹੁਲਾਸਾਂ।
ਫੁਲ ਮਹਿਕੇ ਗੁਲਜ਼ਾਰਾਂ ਖਿੜੀਆਂ ਬਾਗ਼ਾਂ ਵਿਚ ਬਹਾਰਾਂ ਆਈਆਂ।
ਸੁੱਤੇ ਹੋਏ ਚਿਰਾਂ ਦੇ 'ਮਿੱਤਰ' ਜਜ਼ਬੇ ਜਾਗੇ ਲੈ ਅੰਗੜਾਈਆਂ।
ਕੰਨੀ ਭਿਣਕ ਪਈ ਆਉਣ ਦੀ ਆਈ 'ਬੀਰਤਾ' ਕਰ ਕੇ ਧਾਈਆਂ।
ਹਿੰਮਤ ਕਰ ਕੇ 'ਹਿੰਮਤ' ਉਠੀ, ਆਣ, ਅਣਖ ਗਲਵਕੜੀਆਂ ਪਾਈਆਂ।
ਗਲੀ ਗਲੀ ਵਿਚ ਗਲਾਂ ਚਲੀਆਂ ਬਾਲਕ ਹੈ ਪਰਤਾਪੀ ਭਾਰਾ।
ਕੋਈ ਨੂਰ ਅਗੰਮੀ ਜਿਸ ਦੇ ਮੁਖੜੇ ਤੇ ਮਾਰੇ ਲਿਸ਼ਕਾਰਾ।
ਸੋਹਣੀ ਸੂਰਤ ਮਨ ਨੂੰ ਮੋਹੇ, ਲਗਦੈ ਮਿੱਠਾ ਪਿਆਰਾ ਪਿਆਰਾ।
'ਪਟਨੇ' ਅੰਦਰ ਜੋਤਿ ਨਿਰੰਜਨੀ, ਆਈ ਬਣ ਕੇ ਜਗਤ-ਸਹਾਰਾ।
ਦਰਸ਼ਨ ਅੰਮ੍ਰਿਤ ਪੀ ਪੀ ਰੱਜੇ ਲਖਾਂ ਨੈਣ ਦੀਦਾਰ ਤ੍ਰਿਹਾਏ।
ਮਾਤਾ 'ਗੁਜਰੀ' ਦੀ ਗੋਦੀ ਵਿਚ ਪ੍ਰਗਟੇ 'ਗੋਬਿੰਦ' ਜਦ ਸੁਣ ਪਾਏ।
'ਭੀਖਣ' ਜਹੇ ਪੀਰ ਉਠ ਭੱਜੇ, ਸਿਜਦੇ ਕੀਤੇ ਸੀਸ ਨਿਵਾਏ।
ਨਰ ਨਾਰੀ ਸਭ ਦੇਣ ਵਧਾਈਆਂ, ਗੋਬਿੰਦ ਸਿੰਘ ਗੁਰੂ ਜਗ ਆਏ।

---

[੨੫ ਸਫ਼ੇ ਦੀ ਬਾਕੀ]

ਕੋਈ ਭਲਾ ਕਹਉ ਭਾਵੈ ਬੁਰਾ ਕਹਉ, ਹਮ ਤਨੁ ਦੀਓ ਹੈ ਢਾਰਿ ॥੧॥

ਰਾਣੀ ਗੋਰਜਾਂ ਦੇ ਪ੍ਰਭਾਵ ਕਰਕੇ ਪਰਿਵਾਰ ਵੀ ਸਿੱਖ ਸੱਜ ਗਿਆ ਸੀ। ਇਹ ਰਾਣੀ ਜੀ ਦੇ ਉੱਚੇ ਤੇ ਸੁੱਚੇ ਜੀਵਨ ਦਾ ਇਕ ਮਹਾਨ ਅਸਰ ਸੀ। ਪਰਵਾਰ ਨੂੰ ਸਿਖੀ ਮਾਰਗ ਤੇ ਤੋਰਨਾ ਉਸ ਦੀ ਆਪਣੀ ਘਾਲ ਕਮਾਈ ਦਾ ਫਲ ਸੀ।

ਰਾਣੀ ਗੋਰਜਾਂ ਦੀ ਅਗੋਂ ਜਿਤਨੀ ਵੰਸ ਚਲੀ, ਸਭ ਗੁਰੂ-ਘਰ ਦੀ ਪੱਕੀ ਸ਼ਰਧਾਲੂ ਸੀ। ਇਸੇ ਰਾਣੀ ਦਾ ਪੋਤਰਾ, ਰਾਜਾ ਰਾਮ ਰਾਇ ਹੋਇਆ ਹੈ, ਜੋ ਗੁਰੂ ਤੇਗ ਬਹਾਦੁਰ ਜੀ ਦੇ ਚਰਨ-ਕੰਵਲਾਂ ਦਾ ਭੌਰਾ ਸੀ। ਇਸ ਦੇ ਘਰ ਰਾਜਾ ਰਤਨ ਚੰਦ ਦਾ ਜਨਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਰਦਾਨ ਨਾਲ ਹੋਇਆ। ਰਾਜਾ ਰਤਨ ਚੰਦ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਪੁਜਿਆ ਸੀ ਅਤੇ ਪਰਸ਼ਾਦੀ ਹਾਥੀ ਤੇ ਪੰਜ-ਕਲਾ ਸ਼ਸਤਰ ਆਦਿ ਦਸਮੇਸ਼ ਪਿਤਾ ਜੀ ਦੀ ਸੇਵਾ ਵਿਚ ਭੇਟਾ ਹਾਜ਼ਰ ਕੀਤੀਆਂ ਸਨ।



www.AKJ.Org

# ਗੁਰਸਿੱਖੀ ਪਰਚਾਰ-ਮੁਹਿੰਮ

ਅੱਜ ਸਿੱਖੀ ਨੂੰ ਅੰਦਰੋਂ ਬਾਹਰੋਂ ਢਾਹ ਲਗ ਰਹੀ ਹੈ। ਆਪਣੇ ਆਪ ਨੂੰ ਸਿਖ ਸਦਾਉਣ ਵਾਲੇ ਹੀ ਸਿੱਖੀ ਨਾਲ ਦੁਸ਼ਮਣੀ ਕਮਾ ਰਹੇ ਹਨ। ਅੱਜ ਬਿਗਾਨਿਆਂ ਤੋਂ ਸਿੱਖੀ ਨੂੰ ਇਤਨਾ ਡਰ ਨਹੀਂ ਜਿੰਨਾ ਆਪਣਿਆਂ ਤੋਂ। ਨਵੀਂ ਪੀੜ੍ਹੀ ਸਿਖੀ ਬੰਦਸ਼ਾਂ ਤੋਂ ਆਜ਼ਾਦ ਹੋ ਕੇ ਨਾਸਤਕਤਾ ਵਲ ਵਧ ਰਹੀ ਹੈ ਜਾਂ ਸਤਿਗੁਰਾਂ ਦੀ ਦਰਸਾਈ ਸਿਖੀ ਦੀ ਥਾਂ ਮਨ-ਮਰਜ਼ੀ ਦੀ ਸਸਤੀ ਸਿਖੀ ਅਪਣਾ ਕੇ ਦਿਲ-ਪਰਚਾਵਾ ਕਰ ਰਹੀ ਹੈ।

ਅਨ-ਮਤਾਂ ਦੇ ਕਟੜ ਲੋਕ ਭੀ ਸਿੱਖੀ ਤੇ ਗੁਝੇ ਮਾਰੂ ਹਮਲੇ ਕਰ ਰਹੇ ਹਨ ਅਤੇ ਇਸ ਨੂੰ ਮਾਰ ਮੁਕਾਇਆ ਚਾਹੁੰਦੇ ਹਨ। ਉਹ ਸਿੱਖੀ ਦੀ ਰੂਪ-ਰੇਖਾ ਵਿਗਾੜ ਕੇ ਇਸਨੂੰ ਆਪਣੇ ਵਿਚ ਜਜ਼ਬ ਕਰਨ ਲਈ ਪੂਰੀ ਵਾਹ ਲਾਹ ਰਹੇ ਹਨ। ਇਨ੍ਹਾਂ ਅੰਦਰੂਨੀ ਤੇ ਬੈਰੂਨੀ ਦੁਪਾਸੜ ਹਮਲਿਆਂ ਤੋਂ ਬਚਣ ਲਈ ਬਹੁਤ ਹੀ ਗੰਭੀਰਤਾ ਨਾਲ ਸੋਚ ਸਮਝ ਕੇ ਆਪਣੇ ਬਚਾਅ ਦਾ ਰਸਤਾ ਢੂੰਡਣ ਦੀ ਲੋੜ ਹੈ। ਇਹ ਕੰਮ ਕਿਸੇ ਇਕੱਲੇ ਦੁਕੱਲੇ ਵਿਅੱਕਤੀ ਦਾ ਨਹੀਂ, ਸਗੋਂ ਹਰੇਕ ਪੰਥ-ਦੇਰਦੀ ਗੁਰਸਿਖ ਸਜਣ ਦਾ ਪਹਿਲਾ ਫ਼ਰਜ਼ ਹੈ ਕਿ ਉਹ ਇਸ ਬਾਰੇ ਸੋਚੇ ਅਤੇ ਵਿਗੜੀ ਨੂੰ ਸਵਾਰਨ ਦਾ ਜਤਨ ਕਰੇ।

ਅਜ ਸਿਖੀ ਪਰਚਾਰਕ-ਸੰਸਥਾਵਾਂ ਤਾਂ ਬੜੀਆਂ ਦਿਸ ਰਹੀਆਂ ਹਨ ਅਤੇ ਉਹ ਆਪਣੇ ਵਲੋਂ ਸਿਖੀ ਪਰਚਾਰ ਦਾ ਦਿਖਾਵਾ ਬਹੁਤ ਕਰ ਰਹੀਆਂ ਹਨ, ਪਰ ਸੰਵਰ ਕੁਝ ਨਹੀਂ ਰਿਹਾ। ਕੌਮ ਦੀ ਹਾਲਤ ਪਿਛਾਂਹ ਹੀ ਪਿਛਾਂਹ ਜਾ ਰਹੀ ਹੈ।

ਸ਼ਹਿਰੀ ਤਬਕਾ ਫੋਕੇਪਣ, ਦਿਖਲਾਵੇ ਤੇ ਇਸ਼ਤਿਹਾਰ-ਬਾਜ਼ੀ ਦੀਆਂ ਨੁਮਾਇਸ਼ਾਂ ਵਿਚ ਫੰਸਿਆ ਪਿਆ ਹੈ ਅਤੇ ਨਿਜੀ ਸੁਆਰਥਾਂ ਦੇ ਅਧੀਨ ਜੀਵਨ ਖ਼ੁਸ਼ਕ ਹੋ ਰਹੇ ਹਨ। ਲੋਕਾਚਾਰ ਦੀ ਖ਼ਾਤਰ ਤਾਂ ਬਹੁਤ ਕੁਝ ਬਣ ਬਣ ਬਹਿੰਦੇ ਹਨ, ਪਰ ਅਮਲੀ ਤਪ ਤਿਆਗ ਦੇ ਜੀਵਨ ਵਲੋਂ ਕੋਰੇ ਦੇ ਕੋਰੇ ਹਨ। ਇਥੇ ਇਹ ਮਹਾਂ ਵਾਕ ਜੇ ਘਟਾ ਦੇਈਏ ਤਾਂ ਦਰੁਸਤ ਹੀ ਹਨ ਕਿ—

ਭੇਖ ਦਿਖਾਇ ਜਗਤ ਕਉ, ਲੋਗਨ ਕਉ ਬਸ ਕੀਨ ॥ ਤੇ ਇਸ ਤੋਂ ਅਗੇ ਤੁਰੀਏ ਤਾਂ—

ਅੰਦਰਹੁ ਝੂਠੇ ਪੈਜ ਬਾਹਰਿ, ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ [ਪੰਨਾ ੪੭੩

ਪਿੰਡਾਂ ਵਿਚ ਅਗਿਆਨਤਾ ਹੋਣ ਕਾਰਨ ਜਹਾਲਤ ਵਰਤ ਰਹੀ ਹੈ। ਗੁਰਸਿਖੀ ਦੀ ਸੂਝ ਬੂਝ ਹੀ ਘਟ ਹੈ ਅਤੇ ਇਸ ਦੀ ਲੋੜ ਵੀ ਪਰਤੀਤ ਨਹੀਂ ਕੀਤੀ ਜਾ ਰਹੀ ਅਤੇ ਨਾ੍ਹੀ ਪਰਚਾਰ ਦੇ ਸਾਧਨ ਹੀ ਉਨ੍ਹਾਂ ਤਕ ਪੁਜਦੇ ਹਨ। ਪਿੰਡਾਂ ਦੇ ਬਹੁਤੇ ਲੋਕ ਸ਼ਰਾਬਾਂ ਕਬਾਬਾਂ, ਨਸਵਾਰਾਂ, ਤਮਾਕੂ ਦੇ ਬੀੜਿਆਂ, ਹੋਰ ਨਸ਼ਿਆਂ ਆਦਿ ਕਈ ਤਰ੍ਹਾਂ ਦੇ ਵੈਲਾਂ ਵਿਚ ਖਚਿਤ ਹਨ ਜਿਸ ਕਰਕੇ ਕੇਸਾਂ ਦਾੜ੍ਹਿਆਂ ਦੀ ਬੇਅਦਬੀ ਕਰਦੇ ਹਨ। ਪੇਂਡੂ ਵਾਤਾਵਰਨ ਬਹੁਤਾ ਕਰਕੇ ਧੜੇਬੰਦੀਆਂ ਵਿਚ ਵਟਿਆ ਹੋਇਆ ਹੈ ਅਤੇ ਹੈਂਕੜਬਾਜ਼ੀ, ਵੈਰ ਵਿਰੋਧ ਤੇ ਮੁਕੱਦਮੇ-ਬਾਜ਼ੀ ਕਰਕੇ ਉਹ ਕਚਹਿਰੀਆਂ ਵਿਚ ਰੁਲਦੇ ਫਿਰਦੇ ਹਨ। ਉਨ੍ਹਾਂ ਦੀ ਬਹੁਤੀ ਕਮਾਈ ਜਾਂ ਤਾਂ ਨਸ਼ਿਆਂ ਵਿਚ ਰੁੜ੍ਹਦੀ ਹੈ ਜਾਂ ਫਿਰ ਕਚਹਿਰੀਆਂ ਤੇ ਵਕੀਲਾਂ ਦੇ ਘਰ ਭਰਦੀ ਹੈ।

ਇਹੋ ਜਿਹੇ ਵਿਗੜੇ ਮਾਹੌਲ ਨੂੰ ਜੇ ਸੰਵਾਰਿਆ ਜਾ ਸਕਦਾ ਹੈ ਤਾਂ ਉਹ ਸਤਿਗੁਰਾਂ ਦੇ ਦਰਸਾਏ ਮਾਰਗ ਨੂੰ ਸਹੀ ਅਰਥਾਂ ਵਿਚ ਪਰਚਾਰ ਕੇ ਹੀ ਸੰਵਾਰਿਆ ਜਾ ਸਕਦਾ ਹੈ। ਇਸ ਵੇਲੇ ਸਖ਼ਤ ਲੋੜ ਹੈ ਕਿ ਰਹਿਤ-ਰਹਿਣੀ ਵਾਲੇ ਪੰਥ-ਦਰਦੀ ਗੁਰਸਿਖ ਮੈਦਾਨ ਵਿਚ ਨਿਤਰਨ ਅਤੇ ਇਸ ਕਾਰਜ ਲਈ ਨਿਸ਼ਕਾਮ ਸੇਵਾ ਕਰਨ। 'ਆਪਿ ਜਪਹੁ ਅਵਰਹੁ ਨਾਮੁ ਜਪਾਵਹੁ' ਦੇ ਹੁਕਮਾਂ ਅਨੁਸਾਰ ਪਿੰਡਾਂ ਨਗਰਾਂ ਵਿਚ ਸੰਗਤ ਰੂਪ ਵਿਚ ਵਿਚਰ ਕੇ ਗੁਰਮਤਿ-ਗੁਣਾਂ ਦੀ ਨਜ਼ੀਰ ਪੈਦਾ ਕਰਨ। ਉਹ ਆਪ ਗੁਰਮਤਿ-ਗੁਣਾਂ ਦੇ ਪੱਕੇ ਧਾਰਨੀ ਹੋਣ ਤੇ ਆਪਣੀ ਕਰਨੀ ਕਥਨੀ ਦੁਆਰਾ ਥਾਂ ਥਾਂ ਵਿਚਰ ਕੇ ਗੁਰਮਤਿ-ਗੁਣਾਂ ਦਾ ਸਿੰਚਾਰ ਕਰਨ। ਇਸ ਤਰ੍ਹਾਂ ਆਪਣਾ ਵੀ ਭਲਾ ਹੁੰਦਾ ਹੈ ਅਤੇ ਹੋਰਨਾਂ ਦਾ ਵੀ ਕੁਝ ਸੰਵਰ ਸਕਦਾ ਹੈ।

ਇਸ ਅਮਲੀ ਗੁਰਮਤਿ ਪਰਚਾਰ ਲਈ ਕੁਝ ਪ੍ਰੋਗਰਾਮ ਵਿਉਂਤ ਕੇ ਗੁਰਸਿਖਾਂ ਦੇ ਦਸ ਦਸ ਪੰਦਰ੍ਹਾਂ

www.AKJ.Org

ਪੰਦਰਾਂ ਦੇ ਛੋਟੇ ਛੋਟੇ ਜੱਥੇ ਆਪੋ ਆਪਣੇ ਨੇੜ ਤੇੜ ਦੇ ਪਿੰਡਾਂ ਵਿਚ ਫਿਰ ਨਿਕਲਣ। ਇਹ ਜੱਥੇ ਬਿਲਕੁਲ ਨਿਸ਼ਕਾਮ ਤੇ ਨਿਰਲੋਭ ਹੋਣ ਅਤੇ ਕਿਸੇ ਤੇ ਕੋਈ ਬੋਝ ਨਾ ਪਾਉਣ, ਆਪਣੇ ਦਸਵੰਧ ਹੀ ਇਸ ਲੇਖੇ ਲਾਉਣ।

ਸੋ ਕੁਝ ਸਮਾਂ ਕਢ ਕੇ ਗੁਰਸਿਖ ਜੱਥੇ ਪਿੰਡਾਂ ਵਿਚ ਵਿਚਰਨ ਦਾ ਪ੍ਰੋਗਰਾਮ ਬਣਾ ਲੈਣ। ਇਕ ਪਿੰਡ ਵਿਚ ਪਹੁੰਚ ਕੇ ਉਥੇ ਦੋ ਤਿੰਨ ਦਿਨ ਠਹਿਰਿਆ ਜਾਏ। ਅੰਮ੍ਰਿਤ ਵੇਲੇ ਤਿੰਨ ਵਜੇ ਤੋਂ ਪਹਿਲਾਂ ਜਾਗ ਕੇ, ਸੌਚ ਇਸ਼ਨਾਨ ਕਰ ਕੇ ਪਹਿਲਾਂ ਆਪ ਨਾਮ-ਸਿਮਰਨ ਵਿਚ ਜੁਟਕੇ ਅਭਿਆਸ ਕੀਤਾ ਜਾਏ। ਸੰਗਤ ਵਿਚ ਜਾ ਕੇ ਨਿਤਨੇਮ-ਬਾਣੀਆਂ ਦਾ ਪਾਠ ਕੀਤਾ ਜਾਵੇ। ਪਹੁ ਫੁਟਾਲੇ ਤੋਂ ਪਹਿਲਾਂ ਸੰਗਤ ਵਿਚ ਕੀਰਤਨ ਅਰੰਭ ਹੋ ਜਾਏ ਅਤੇ ਕੁਝ ਸਮਾਂ ਨਿਰੋਲ ਗੁਰਬਾਣੀ ਦੇ ਹਿਰਦੇ-ਵਧੇਵੇਂ ਕੀਰਤਨ ਕੀਤੇ ਜਾਣ। ਇਹ ਕੀਰਤਨ ਸਮੇਂ ਦੇ ਮਾਹੌਲ ਅਨੁਸਾਰ ਢੁਕਵੇਂ ਫਬਵੇਂ ਸਬਦਾਂ ਦੁਆਰਾ ਹੋਣਾ ਅਤੀ ਜ਼ਰੂਰੀ ਹੈ। ਦਿਨ ਵੇਲੇ ਅਨਪੜ੍ਹਾਂ ਨੂੰ ਗੁਰਮੁਖੀ ਸਿਖਾਣ ਵਲ ਲਾਇਆ ਜਾਏ ਤਾਂ ਜੁ ਥੋੜਾ ਬਹੁਤਾ ਉਦਮ ਕਰ ਕੇ ਗੁਰਬਾਣੀ ਪੜ੍ਹਨ ਯੋਗ ਹੋ ਸਕਣ। ਸ਼ਾਮ ਨੂੰ ਫਿਰ ਸੋਦਰ ਦਾ ਪਾਠ ਅਤੇ ਗੁਰੂ ਕੀ ਬਾਣੀ ਦੇ ਕੀਰਤਨ ਦੀਆਂ ਧੁਨੀਆਂ ਸੰਗਤ ਵਿਚ ਰਲ ਮਿਲ ਕੇ ਗੁੰਜਾਈਆਂ ਜਾਣ ਅਤੇ ਕੀਰਤਨ ਦੁਆਰਾ ਨਾਮ-ਅੰਮ੍ਰਿਤ-ਰਸ ਵਿਚ ਜੁੜਿਆ ਜਾਵੇ।

ਕੀਰਤਨ ਦਾ ਨਿਸ਼ਾਨਾ ਆਪੂੰ ਨਾਮ-ਰਸ ਪ੍ਰਾਪਤੀ ਦਾ ਹੋਣਾ ਚਾਹੀਦਾ ਹੈ। ਆਪਣੇ ਆਪ ਨੂੰ ਰਸ ਆਉਣ ਨਾਲ ਹੀ ਦੂਸਰਿਆਂ ਨੂੰ ਰਸ ਆ ਸਕਦਾ ਹੈ। ਆਪਣਾ ਪਰਮਾਰਥ ਮੁਖ ਰਖਣ ਨਾਲ ਹੀ ਦੂਜਿਆਂ ਤੇ ਪਰਮਾਰਥੀ ਅਸਰ ਪੈਂਦਾ ਹੈ। ਜਿਹੜੇ ਕੇਵਲ ਦੂਜਿਆਂ ਨੂੰ ਪਰਚਾਰ ਕਰਨ ਜਾਂਦੇ ਹਨ, ਉਹ ਆਪਣਾ ਆਪ ਭੀ ਗੁਆ ਬਹਿੰਦੇ ਹਨ ਅਤੇ ਹੋਰਨਾਂ ਦਾ ਵੀ ਕੁਝ ਨਹੀਂ ਸੰਵਾਰਦੇ। ਇਸੇ ਕਰਕੇ ਨਿਸ਼ਾਨਾ ਆਪੂੰ ਰਸ-ਲੀਨ ਹੋਣ ਦਾ ਹੈ। ਇਸ ਤਰ੍ਹਾਂ ਹੀ ਪਰਮਾਰਥ ਦੀ ਜਾਗ ਲਾਈ ਜਾ ਸਕਦੀ ਹੈ। ਪਰਮਾਰਥੀ ਜਾਗ ਲਗਣ ਤੋਂ ਬਿਨਾਂ ਫੋਕੀਆਂ ਮਨ-ਉਕਤ ਲੈਕਚਰ-ਬਾਜ਼ੀਆਂ ਫੋਕਟਪਨ ਹੀ ਪਸਾਰਦੀਆਂ ਹਨ, ਗੁਰਸਿਖੀ ਜੀਵਨ ਨਹੀਂ ਪੈਦਾ ਕਰਦੀਆਂ। ਨਿਰੀਆਂ ਗੱਲਾਂ ਨਾਲ ਮਨ ਨਹੀਂ ਪਸੀਜਦਾ ਅਤੇ ਮਨ-ਮੰਨੇ ਬਗੈਰ ਅੰਦਰੋਂ ਪੱਕੀ ਪਰਤੀਤ ਨਹੀਂ ਬਝਦੀ। ਬਸ ਮਨਾਂ ਦੀ ਮਨੌਤ ਮਨਾਉਣ ਵਿਚ ਹੀ ਸਿੱਖੀ ਦਾ ਸਹੀ ਪਰਚਾਰ ਹੈ।

ਇਸ ਤਰ੍ਹਾਂ ਦੀ ਗੁਰਮਤਿ ਜਾਗ੍ਰਤੀ ਦੀ ਜਾਗ ਪਿੰਡਾਂ ਤੇ ਕਸਬਿਆਂ ਵਿਚ ਲਾਉਣ ਲਈ ਪਿੰਡ ਪਿੰਡ ਹੁੰਦਿਆਂ ਹੋਇਆਂ, ਫਿਰ ਮੁੜਲੇ ਪਿੰਡ ਤੋਂ ਉਸੇ ਪ੍ਰੋਗਰਾਮ ਨੂੰ ਦੁਹਰਾਇਆ ਜਾਵੇ। ਇਸ ਤਰ੍ਹਾਂ ਦੇ ਕਈ ਦੌਰੇ ਪਿੰਡਾਂ ਦੇ ਕਰ ਕੇ ਨਵੇਂ ਪੁੰਕਰੇ ਪ੍ਰੇਮੀ ਜੀਊੜਿਆਂ ਨੂੰ ਫਿਰ ਅੰਮ੍ਰਿਤ ਛਕਾ ਕੇ ਸਤਿਗੁਰਾਂ ਦੇ ਲੜ ਲਾਇਆ ਜਾਏ। ਗੁਰਮੁਖ ਨਿਸ਼ਕਾਮ ਜਥਿਆਂ ਦੀ ਅਜਿਹੀ ਘਾਲਣਾ ਆਪਣਾ ਅਸਰ ਪਾਏ ਬਿਨਾਂ ਨਹੀਂ ਰਹੇਗੀ, ਜ਼ਰੂਰ ਫਲ ਲਿਆਵੇਗੀ।

ਸੋ ਗੁਰਸਿਖੀ ਨਾਲ ਹਿਤ ਰਖਣ ਵਾਲੇ ਪਿਆਰੇ ਹੁਣ ਮੈਦਾਨ ਵਿਚ ਨਿਤਰਨ ਅਤੇ ਅਜਿਹੇ ਪ੍ਰੋਗਰਾਮ ਵਿਉਂਤ ਕੇ ਅਮਲ ਅਰੰਭ ਦੇਣ। ਇਸ ਤਰ੍ਹਾਂ ਸਰਬੱਤ ਦੇ ਭਲੇ ਵਿਚ ਹੀ ਆਪਣਾ ਭਲਾ ਹੈ। ਇਉਂ ਹੀ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਹੋ ਸਕਦੀਆਂ ਹਨ ਅਤੇ ਗੁਰਸਿਖੀ ਪਰਫੁਲਤ ਹੋ ਸਕਦੀ ਹੈ।

ਅੰਮ੍ਰਿਤਸਰ ਤੇ ਜਲੰਧਰ ਆਦਿ ਕਈ ਥਾਵਾਂ ਦੇ ਸਿੰਘ ਆਲੇ ਦੁਆਲੇ ਦੇ ਇਲਾਕਿਆਂ ਵਿਚ ਕੀਰਤਨ ਪ੍ਰੋਗਰਾਮ ਰਖ ਕੇ ਸ਼ਲਾਘਾ-ਯੋਗ ਉਦਮ ਕਰ ਰਹੇ ਹਨ। ਅਸੀਂ ਸਮੂਹ ਸਿੰਘਾਂ ਪਾਸ ਬਿਨੈ ਕਰਦੇ ਹਨ ਕਿ ਉਹ ਅਨਜਾਣੇ ਪਛਾਣੇ ਪਿੰਡਾਂ ਨਾਲ ਸੰਪਰਕ ਪੈਦਾ ਕਰ ਕੇ, ਉਥੇ ਇਸ ਤਰ੍ਹਾਂ ਦੇ ਨਿਰੋਲ ਗੁਰਮਤਿ-ਪ੍ਰੋਗਰਾਮ ਰਖਿਆ ਕਰਨ। ਇਹ ਪ੍ਰੋਗਰਾਮ ਨਗਰਾਂ ਦੇ ਗੁਰਦੁਆਰਿਆਂ ਵਿਚ ਹੀ ਕੀਤੇ ਜਾਣ, ਜਿਥੇ ਸਾਰੇ ਨਗਰ-ਨਿਵਾਸੀ ਇਕੱਤਰ ਹੋ ਸਕਣ।

ਅਖ਼ੀਰ ਵਿਚ ਸਿਖ-ਜਗਤ ਪਾਸ ਜੋਦੜੀ ਹੈ ਕਿ ਇਸ ਸੰਬੰਧ ਵਿਚ ਹੋਰ ਚੰਗੇ ਸੁਝਾਵਾਂ ਦੇ ਜੇ ਕੋਈ ਪ੍ਰੋਗਰਾਮ ਉਲੀਕ ਕੇ ਭੇਜ ਸਕਣ ਤਾਂ ਉਹ ਜ਼ਰੂਰ ਭੇਜਣ। ਅਸੀਂ ਉਨ੍ਹਾਂ ਦੇ ਧੰਨਵਾਦੀ ਹੋਵਾਂਗੇ।

—o—



www.AKJ.Org

# ਤਮਾਕੂ ਦੀ ਸਮਾਜ ਵਿਚ ਵਰਤੋਂ

[ਗਿਆਨੀ ਫ਼ੌਜਾ ਸਿੰਘ ਜੀ, ਇੰਚਾਰਜ ਯੂ. ਪੀ. ਸਿੱਖ ਮਿਸ਼ਨ]

ਮਨੁਖੀ ਸਮਾਜ ਵਿਚ ਸਭ ਤੋਂ ਵਧੀਕ ਅਗਰ ਕਿਸੇ ਬੁਰਿਆਈ ਨੇ ਘਰ ਕੀਤਾ ਹੈ, ਤੇ ਉਹ ਹੈ ਤਮਾਕੂ। ਪੜ੍ਹੇ ਲਿਖੇ ਸਜਣ ਅਨਪੜ੍ਹ, ਜਾਹਲ, ਚਤਰ, ਵਡੇ, ਛੋਟੇ, ਇਸ ਦੇ ਸਾਰੇ ਸ਼ਿਕਾਰ ਹਨ। ਨ ਕੇਵਲ ਭਾਰਤ ਵਰਸ਼ ਵਿਚ ਇਸ ਦਾ ਸੇਵਨ ਜ਼ਿਆਦਾ ਹੁੰਦਾ ਹੈ, ਬਲਕਿ ਯੂਰਪ ਵਿਚ ਵੀ ਇਸ ਦੀ ਪ੍ਰਧਾਨਤਾ ਹੈ। ਫ਼ਰਕ ਕੇਵਲ ਇਤਨਾ ਹੈ ਕਿ ਯੂਰਪ ਦੇ ਸਿਆਣੇ ਸਜਣ ਜਦ ਬੁਰਾਈ ਦੀ ਅਸਲੀਅਤ ਦਾ ਪਤਾ ਲਗਾ ਲੈਂਦੇ ਹਨ, ਤਾਂ ਉਸ ਤੋਂ ਬਚਣ ਦਾ ਉਪਾ ਕਰਦੇ ਹਨ ਤੇ ਢੰਡੋਰਾ ਦੇ ਕੇ ਮਨੁਖੀ ਸਮਾਜ ਨੂੰ ਬਚਾਂਦੇ ਹਨ। ਪਰ ਭਾਰਤ ਵਰਸ਼ ਵਿਚ ਐਸਾ ਨਹੀਂ, ਸਗੋਂ ਐਨ ਇਸ ਦੇ ਉਲਟ ਸ਼ਹਿਰਾਂ ਵਿਚ ਢੋਲ ਢਮੱਕਾ ਵਾਜੇ ਗਾਜੇ ਨਾਲ ਪ੍ਰਚਾਰ ਕੀਤਾ ਜਾਂਦਾ ਹੈ ਤੇ ਬੱਚਿਆਂ ਵਿਚ ਇਸ ਨੂੰ ਮੁਫ਼ਤ ਵੰਡ ਕੇ ਲੋਕਾਂ ਨੂੰ ਤਮਾਕੂ ਵਰਗੀ ਜ਼ਹਿਰ ਖਾਣ ਦੀ ਆਦਤ ਪਾਈ ਜਾਂਦੀ ਹੈ। 'ਇਥੋਂ ਦੇ ਲੋਕਾਂ ਦਾ ਈਮਾਨ ਦੌਲਤ ਹੈ, ਮਨੁਖੀ ਸਮਾਜ ਦਾ ਭਲਾ ਨਹੀਂ।

ਇਸ ਜ਼ਹਿਰ ਨੂੰ ਲੋਕਾਂ ਵਿਚ ਮਹਾਂ ਪੁਰਸ਼ਾਂ ਦੇ ਨਾਮ ਤੇ ਵੇਚਿਆ ਜਾਂਦਾ ਹੈ, ਜਿਹਾ ਕਿ ਹਨੂਮਾਨ ਬੀੜੀ, ਰਾਮ ਬੀੜੀ ਭੀਮ ਬੀੜੀ. ਅਰਜਨ ਬੀੜੀ, ਪਹਿਲਵਾਨ ਬੀੜੀ ਦੇ ਨਾਲ ਇਕ ਵਡੇ ਪਹਿਲਵਾਨ ਕਦਾਵਰ ਦੀ ਫ਼ੋਟੋ ਹੈ, ਜੋ ਬੀੜੀ ਪੀ ਕੇ ਦਸ ਰਿਹਾ ਹੈ ਕਿ ਬੀੜੀ ਪੀਣ ਨਾਲ ਮੇਰੇ ਜਿਹਾ ਪਹਿਲਵਾਨ ਬਣ ਜਾਈਦਾ ਹੈ। ਬੱਚੇ ਐਸੇ ਅਸਰ ਨੂੰ ਕਬੂਲਦੇ ਹਨ ਤੇ ਆਪਸ ਵਿਚ ਗੱਲਬਾਤ ਸਮੇਂ ਆਖਦੇ ਹਨ: ਮੈਂ ਨੇ ਆਜ ਏਕ ਬੰਡਲ ੧੦ ਬੀੜੀਆਂ ਆਧ ਦਿਨ ਮੇਂ ਪੀ ਲੀ ਹੈਂ। ਪਰ ਭਾਰਤ ਵਰਸ਼ ਦੀ ਨ ਸਰਕਾਰ, ਨ ਸਮਾਜ ਦਾ ਕੋਈ ਮੁਖੀ, ਨ ਧਾਰਮਕ ਸੰਸਥਾਵਾਂ ਇਸ ਨੂੰ ਰੋਕਣ ਦਾ ਉਪਰਾਲਾ ਕਰ ਰਹੀਆਂ ਹਨ।

ਅਸਲ ਪੁਛੋ ਤਾਂ ਸਾਡੇ ਦੇਸ਼ ਵਿਚ ਤਮਾਕੂ ਸਭ ਤੋਂ ਵਧੀਕ ਸਾਧੂ ਪੀਂਦੇ ਹਨ। ਵਡੇ ਵਡੇ ਮਠਾਂ ਡੇਰਿਆਂ ਵਿਚ ਸਾਧੂ ਝੁੰਡਾਂ ਦੇ ਝੁੰਡ ਤਮਾਕੂ ਤੇ ਸੁਲਫ਼ੇ ਦੀਆਂ ਲਾਟਾਂ ਕਢਦੇ ਹਨ। ਸਭ ਤੋਂ ਵਧੀਕ ਹਰ ਕਿਸਮ ਦੇ ਨਸ਼ੇ ਸਾਧੂਆਂ ਦੀਆਂ ਮੰਡਲੀਆਂ ਵਰਤਦੀਆਂ ਹਨ।

ਕੇਵਲ ਤ੍ਰਿਕਾਲ ਦਰਸੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿਖੀ ਸਮਾਜ ਵਿਚ ਇਸ ਨੂੰ ਬਜਰ ਕੁਰਹਿਤ ਦਸ ਕੇ ਸਿਖਾਂ ਨੂੰ ਇਸ ਤੋਂ ਬਚ ਕੇ ਰਹਿਣ ਦੀ ਪ੍ਰੇਰਨਾ ਕੀਤੀ, ਤਾਕਿ ਖ਼ਾਲਸਾ ਸਮਾਜ ਇਸ ਬੁਰਾਈ ਤੋਂ ਬਚਿਆ ਰਿਹਾ। ਪ੍ਰੰਤੂ ਸਮੇਂ ਦੇ ਪ੍ਰਭਾਵ ਨੇ ਸਿਖਾਂ ਦੇ ਨੌਜਵਾਨ ਬੱਚਿਆਂ ਨੂੰ ਇਸ ਜ਼ਦ ਵਿਚ ਲੈ ਲਿਆ ਹੈ। ਇਹ ਬੀਮਾਰੀ ਸਿਖੀ-ਸਮਾਜ ਵਿਚ ਦਿਨ-ਬਦਿਨ ਵਧ ਰਹੀ ਹੈ। ਕਦੇ ਜੇ ਕੋਈ ਆਦਮੀ ਕਿਸੇ ਬੁਰਾਈ ਦਾ ਸ਼ਿਕਾਰ ਹੋ ਵੀ ਜਾਵੇ ਤਾਂ ਉਹ ਡਰਦਾ ਸਮਾਜ ਦੇ ਸਾਹਮਣੇ ਬੁਰਾਈ ਨਹੀਂ ਕਰਦਾ ਸੀ, ਆਪਣੇ ਕੁਕਰਮਾਂ ਨੂੰ ਛੁਪਾਂਦਾ ਸੀ, ਪਰ ਹੁਣ ਤਾਂ ਸ਼ਰਮ ਹਯਾ ਸਮਾਜ ਵਿਚੋਂ ਉਡਦਾ ਜਾਂਦਾ ਹੈ, ਸਗੋਂ ਸਿਗਰਟ ਪੀਣਾ ਇਕ ਫ਼ੈਸ਼ਨ ਬਣ ਗਿਆ ਹੈ। ਅਜ ਜਦ ਕਿਸੇ ਕੋਲ ਬੈਠੇ ਸੱਜਣ ਨੂੰ ਸਿਗਰਟ ਪੀਣ ਤੋਂ ਰੋਕਿਆ ਜਾਵੇ ਤਾਂ ਉਹ ਆਖਦਾ ਹੈ ਤੁਹਾਡੇ ਵਰਗੇ ਬਥੇਰੇ ਸਿਖ ਪੀਂਦੇ ਹਨ।

ਅਜ ਲੋੜ ਹੈ, ਇਸ ਦੇ ਖ਼ਿਲਾਫ਼ ਪੁਰਜ਼ੋਰ ਆਵਾਜ਼ ਉਠਾਣ ਦੀ, ਜ਼ੋਰਦਾਰ ਲੇਖ ਲਿਖਣ ਦੀ। ਇਸ ਦੀਆਂ ਬੁਰਾਈਆਂ ਦਾ ਅਸਰ ਸਿਹਤ ਤੇ ਜੋ ਹਾਨੀਕਾਰਕ ਹੋ ਰਿਹਾ ਹੈ, ਕੈਂਸਰ ਵਰਗੇ ਰੋਗ ਉਤਪੰਨ ਹੁੰਦੇ ਹਨ, ਲੋੜ ਹੈ ਇਹ ਸਮਾਜ ਨੂੰ ਦਸਣ ਦੀ।

ਤਮਾਕੂ ਦੀ ਵਰਤੋਂ ਭਾਰਤ ਵਰਸ਼ ਵਿਚ ਬਹੁਤ ਪੁਰਾਣੀ ਨਹੀਂ। ਜਹਾਂਗੀਰ ਮੁਗ਼ਲ ਬਾਦਸ਼ਾਹ ਦੇ ਸਮੇਂ ਸਰ ਟਾਮਸ ਰੋ ਇਕ ਅੰਗਰੇਜ਼ ਅਮਰੀਕਾ ਵਿਚੋਂ ਇਸ ਦੇਸ਼ ਵਿਚ ਲਿਆਇਆ ਤੇ ਇਸ ਦੀ ਕਾਸ਼ਤ ਇਥੇ ਹੋਣ ਲਗੀ। ਇਸ ਦੇ ਬੁਰੇ ਅਸਰ ਤੋਂ ਰੋਕਣ ਵਾਸਤੇ ਜਹਾਂਗੀਰ ਬਾਦਸ਼ਾਹ ਨੇ ਖ਼ੁਦ ਉਪਰਾਲਾ ਕੀਤਾ, ਭੈੜੀਆਂ ਸ਼ਰਮਸਾਰ ਸਜ਼ਾਵਾਂ ਨੀਯਤ ਕੀਤੀਆਂ।



www.AKJ.Org

ਤਮਾਕੂ ਪੀਣ ਵਾਲੇ ਨੂੰ ਮੂੰਹ ਕਾਲਾ ਕਰ ਕੇ, ਗਧੇ ਉਪਰ ਬਿਠਾ ਕੇ ਪਿਛੇ ਨੂੰ ਮੂੰਹ ਕਰ ਕੇ ਬਜ਼ਾਰਾਂ ਵਿਚ ਫੇਰਿਆ ਜਾਂਦਾ ਸੀ। ਪ੍ਰੰਤੂ ਇਸ ਬੁਰਾਈ ਨੂੰ ਰੋਕਦਿਆਂ ਰੋਕਦਿਆਂ ਵੀ ਸਮਾਜ ਵਿਚ ਇਹ ਇਤਨੀ ਵਧ ਗਈ ਹੈ ਕਿ ਅਜ ਗਿਣਤੀ ਮਿਣਤੀ ਤੋਂ ਬਾਹਰ ਹੈ।

ਪ੍ਰਤੀਤ ਹੁੰਦਾ ਹੈ ਕਿ ਪੁਰਾਣੇ ਸਮੇਂ ਦੇ ਧਾਰਮਕ ਆਗੂਆਂ ਨੇ ਇਸ ਦੇ ਖ਼ਿਲਾਫ਼ ਬਹੁਤ ਵੱਡੀ ਮੁਹਿੰਮ ਚਲਾਈ ਤੇ ਪੁਰਾਣਾਂ ਵਿਚ ਇਸ ਦੇ ਖ਼ਿਲਾਫ਼ ਲੇਖ ਲਿਖੇ। ਪੁਰਾਣ ਕਦ ਲਿਖੇ ਗਏ, ਕਿਸ ਸਮੇਂ ਵਿਚ ਲਿਖੇ ਗਏ, ਪਰ ਤਮਾਕੂ ਦੇ ਬਰਖ਼ਿਲਾਫ਼ ਬੜੀ ਭਾਰੀ ਆਵਾਜ਼ ਪੁਰਾਣਾਂ ਵਿਚ ਹੈ। ਸਭ ਤੋਂ ਪਹਿਲੀ ਸਾਖੀ ਹਿੰਦੂ ਧਰਮ ਵਿਚ ਪ੍ਰਚਲਤ ਹੈ ਕਿ ਤਮਾਕੂ ਗਊ ਦੀ ਰਤ ਤੋਂ ਪੈਦਾ ਹੋਇਆ। ਕਾਮਧੇਨ ਗਊ, ਜੋ ਜਮਦਗਨ ਰਿਸ਼ੀ ਦੇ ਯਗ ਵਿਚੋਂ ਉਡ ਕੇ ਅਕਾਸ਼ ਮਾਰਗ ਵਲ ਜਾ ਰਹੀ ਸੀ ਉਸ ਨੂੰ ਸਹੰਸਰ ਬਾਹੂ ਨੇ ਤੀਰ ਮਾਰੇ, ਜੋ ਉਸ ਦੇ ਪੈਰਾਂ ਵਿਚ ਲਗੇ। ਉਸ ਦੀ ਰਤ ਵਿਚੋਂ, ਜੋ ਧਰਤੀ ਤੇ ਗਿਰੀ, ਤਮਾਕੂ ਪੈਦਾ ਹੋਇਆ। ਇਸ ਦਾ ਸਪੱਸ਼ਟ ਭਾਵ ਸੀ ਕਿ ਹਿੰਦੂ ਧਰਮ ਵਿਚ ਗਊ ਨੂੰ ਮਾਤਾ ਤੇ ਪਵਿਤਰ ਮੰਨਿਆ ਜਾਂਦਾ ਹੈ, ਇਸ ਦੀ ਰਤ ਤੋਂ ਬਣਿਆ ਤਮਾਲ ਪਤ੍ਰ ਹਿੰਦੂ ਸਮਾਜ ਨ ਵਰਤੇ; ਪਰ ਹੋਇਆ ਐਨ ਉਲਟ, ਹਿੰਦੂ ਸਭ ਤੋਂ ਵਧੀਕ ਪੀ ਰਿਹਾ ਹੈ।

†ਪਦਮ ਪੁਰਾਣ ਅਧਿਆਇ ੧੩ ਸਲੋਕ ੫੨, ਸਕੰਦ ਪੁਰਾਣ ਅਧਿਆਇ ੬੬ ਅਤੇ ਬਿਆਸ ਜੀ ਦੇ ਸਕੰਧ ਪੁਰਾਣ ਮਥੁਰਾਂ ਖੰਡ ਦੇ ੫੨ਵੇਂ ਅਧਿਆਇ ਦੇ ਕਈ ਸਲੋਕਾਂ ਵਿਚ ਇਸ ਤਮਾਕੂ ਜਾਂ ਧੂਮਰ ਪਾਨ ਦੀ ਇਸ ਭਾਵ ਦੇ ਸ਼ਬਦਾਂ ਰਾਹੀਂ ਨਿਖੇਧੀ ਹੈ ਕਿ ਜਿਹੜਾ ਬ੍ਰਾਹਮਣ ਤਮਾਕੂ ਪਾਨ ਕਰਦਾ ਹੈ ਅਤੇ ਜਿਹੜਾ ਦਾਨੀ ਅਜਿਹੇ ਬ੍ਰਾਹਮਣ ਨੂੰ ਦਾਨ ਦਿੰਦਾ ਹੈ, ਉਹ ਨਰਕ-ਗਾਮੀ ਹੋਵੇਗਾ ਅਤੇ ਉਹ ਬ੍ਰਾਹਮਣ ਮਰ ਕੇ ਪਿੰਡ ਵਿਚ ਸੂਰ ਬਣ ਕੇ ਗੰਦਗੀ ਖਾਏਗਾ, ਤਮਾਕੂ ਪੀਣ ਵਾਲੇ ਪੁਰਸ਼ ਕੁੰਭੀ ਨਰਕਾਂ ਵਿਚ ਸੜਨਗੇ, ਪ੍ਰੇਤਾਂ ਦੀ ਜੂਨੀ ਪੈਣਗੇ। ਤਾਮਲ ਪਤ੍ਰ (ਤਮਾਕੂ) ਧਰਮ ਦੇ ਨਾਸ਼ ਕਰਨ ਵਾਲਾ ਹੈ, ਪਾਪਾਂ ਦਾ ਪ੍ਰਕਾਸ਼ ਕਰਨ ਵਾਲਾ ਹੈ ਅਤੇ ਨਰਕਾਂ ਦੇ ਭਰਨ ਵਾਲਾ ਹੈ। ਧੂਮਰ-ਪਾਨ (ਤਮਾਕੂ) ਪੀਣ ਵਾਲਿਆਂ ਦੇ ਧਰਮ ਕਰਮ ਤੇ ਪੁੰਨ ਫਲ ਇਸ ਤਰ੍ਹਾਂ ਨਾਸ਼ ਹੋ ਜਾਂਦੇ ਹਨ ਜਿਵੇਂ ਹਾਥੀ ਦਾ ਇਸ਼ਨਾਨ ਨਿਸਫਲ ਜਾਂਦਾ ਹੈ। ਤਾਮਲ ਪਤ੍ਰ (ਤਮਾਕੂ) ਸੇਵਣ ਵਾਲਾ ਮਹਾਂ ਨੀਚ ਹੈ। ਭੱਖ ਅਭੱਖ ਖਾਣ ਨਾਲ, ਸ਼ਰਾਬ ਪੀਣ ਨਾਲ, ਵੇਸਵਾ ਅਥਵਾ ਭੈਣ ਰਮਣ ਨਾਲ ਜਿਤਨਾ ਭਾਰੀ ਪਾਪ ਲਗਦਾ ਹੈ ਉਤਨਾ ਪਾਪ ਤਾਮਲ (ਤਮਾਕੂ) ਗ੍ਰਹਿਣ ਕਰਨ ਨਾਲ ਲਗਦਾ ਹੈ। ਉਸ ਪੁਰਸ਼ ਦੇ ਸਾਰੇ ਤੀਰਥ ਪ੍ਰਾਗ, ਜਮਨਾ, ਸਰਸਵਤੀ, ਉਨ੍ਹਾਂ ਵਿਚ ਕਰੇ ਤਾਂ ਇਸ਼ਨਾਨ ਕੀਤੇ ਨਿਸਫਲ ਹਨ ਜਿਸ ਨੇ ਇਕ ਵਾਰ ਤਮਾਕੂ ਗ੍ਰਹਿਣ ਕੀਤਾ ਹੈ।

ਇਹ ਹਨ ਪੁਰਾਣਾਂ ਦੇ ਲੇਖ। ਸਿਖ ਸ਼ਾਸਤਰ ਸਤਿਗੁਰੂ ਜੀ ਦੇ ਹੁਕਮ ਜੋ ਰਹਿਤਨਾਮੇ ਵਿਚੋਂ ਮਿਲਦੇ ਹਨ :—

ਹੁਕਾ ਕੁਠਾ ਚਰਸ ਤਮਾਕੂ। ਗਾਂਜਾ ਟੋਪੀ
ਤਾੜੀ ਖਾਕੂ। ਇਨ ਕੀ ਓਰ ਨ ਕਬਹੂੰ
ਦੇਖੇ। ਰਹਿਤਵਾਨ ਸੋ ਸਿੰਘ ਵਿਸੇਖੇ।

ਗੁਰੂ ਕਾ ਸਿਖ ਨੜੀ-ਮਾਰ ਨਾਲ ਨ ਵਰਤੇ, ਗੁਰੂ ਕਾ ਸਿਖ ਨਸਵਾਰ ਨ ਵਰਤੇ ਜਿਸ ਵਿਚ ਤਮਾਕੂ ਪੈਂਦਾ ਹੈ।

ਨਿਹੰਗ ਸਿੰਘ ਤਮਾਕੂ ਪੀਣ ਵਾਲੇ ਨੂੰ ਗਧੀ-ਚੁੰਘ ਆਖਦੇ ਹਨ। ਖ਼ਾਲਸੇ ਦੀ ਭਾਸ਼ਾ ਵਿਚ ਇਸ ਨੂੰ ਜਗਤ-ਜੂਠ ਮੰਨਿਆ ਜਾਂਦਾ ਹੈ, ਜਿਸ ਦੀ ਛੂਤ ਨਾਲ ਅਨੇਕ ਬਿਮਾਰੀਆਂ ਲਗਦੀਆਂ ਹਨ। ਮਰਦੁਮ ਸ਼ੁਮਾਰੀ ਦੇ ਅੰਕੜੇ, ਮਰਦੁਮ ਸ਼ੁਮਾਰੀਆਂ ਦੀ ਰਪੋਟ, ਜੋ ਹੁਣ ਤਕ ਛਪੀ ਹੈ, ਉਸ ਅਨੁਸਾਰ ਜੋ ਲੋਕ ਤਮਾਕੂ ਨਹੀਂ ਪੀਂਦੇ ਉਹ ਲੰਬੀ ਉਮਰ ਭੋਗਦੇ ਹਨ। ੧੯੨੧-੩੨ ਦੀ ਰਪੋਟ ਅਨੁਸਾਰ ਮੁਸਲਮਾਨ ਦੀ ਔਸਤਨ ਉਮਰ ੨੩ ਸਾਲ ੮ ਮਹੀਨੇ, ਹਿੰਦੂ ੨੪—੭ ਮਹੀਨੇ, ਸਿਖ ੨੫—੩ ਮਹੀਨੇ। ੧ ਹਜ਼ਾਰ ਮਰਦ

[ਬਾਕੀ ਵੇਖੋ ਸਫ਼ਾ ੩੩ ਦਰਮਿਆਨ]

†ਲੇਖਕ ਨੇ ਪੁਰਾਣਾਂ ਦੇ ਇਥੇ ਪੂਰੇ ਹਵਾਲੇ ਸਲੋਕਾਂ ਸਹਿਤ ਦਿਤੇ ਹਨ, ਜਿਨ੍ਹਾਂ ਦਾ ਸਾਰੰਸ਼ ਉਪਰਲੇ ਪੈਰੇ ਵਿਚ ਦੇ ਦਿਤਾ ਗਿਆ ਹੈ।



www.AKJ.Org

# ਭਗਤ ਪੀਪਾ ਜੀ—ਇਕ ਜੀਵਨ ਦਰਸ਼ਨ

[ਵਲੋਂ—ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਰੀਸੱਰਚ ਸਕਾਲਰ]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਸੰਤਾਂ-ਭਗਤਾਂ ਦੀ ਪਵਿਤਰ ਬਾਣੀ ਦਰਜ ਹੈ, ਭਗਤ ਪੀਪਾ ਜੀ ਉਨ੍ਹਾਂ ਵਿਚੋਂ ਇਕ ਹਨ। ਭਗਤ ਪੀਪਾ ਜੀ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਕਥਨ ਅਨੁਸਾਰ ਸੰਮਤ ੧੪੮੩ ਬਿ:, ਮੁਤਾਬਿਕ ਸੰਨ ੧੪੨੬ ਈ: ਦੇ ਜੰਮ-ਪਲ ਤੇ ਕੋਟਾ ਬੂੰਦੀ ਦੇ ਨਜ਼ਦੀਕ ਨਗਰ ਗਗਰੌਨ ਅਥਵਾ ਟੋਂਕ ਟੋਡਾ (ਰਾਜਸਥਾਨ) ਦੇ ਰਈਸ ਸਨ।

ਭਗਤ ਮਾਲ ਨਾਭਾ, ਪ੍ਰੇਮ ਅੰਬੋਧ ਪੋਥੀ ਅਥਵਾ ਪਰਚੀਆਂ ਭਗਤਾਂ ਕੀਆਂ, ਭਗਤ ਨਾਮਾਵਲੀ ਆਦਿ ਪੁਸਤਕਾਂ ਅਨੁਸਾਰ ਭਗਤ ਪੀਪਾ ਜੀ ਪਹਿਲਾਂ ਦੁਰਗਾ ਦੇਵੀ ਦਾ ਉਪਾਸ਼ਕ ਹੋਣ ਕਾਰਨ ਪਰਮ ਸ਼ਾਕਤ (ਇਕ ਸੰਪ੍ਰਦਾਇ) ਮੰਨੇ ਜਾਂਦੇ ਸਨ। ਇਸ ਦੇ ਨਾਲ ਹੀ ਇਹ ਵੀ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਪੂਜਾ ਪਾਠ ਕਰ ਕੇ ਦੁਰਗਾ ਨੂੰ ਸਿੱਧ ਕਰ ਲਿਆ ਸੀ, ਜਿਸ ਕਰਕੇ ਇਹ ਜਦ ਵੀ ਚਾਹੁੰਦੇ, ਦੇਵੀ ਇਨ੍ਹਾਂ ਦੇ ਸਾਮ੍ਹਣੇ ਆ ਪ੍ਰਗਟ ਹੁੰਦੀ ਸੀ।

ਭਗਤ ਜੀ ਦੀ ਦੇਵੀ ਉਤੇ ਇਹ ਸ਼ਰਧਾ ਬਹੁਤਾ ਚਿਰ ਬਣੀ ਨਾ ਰਹਿ ਸਕੀ। ਉਹ ਇਸ ਕਰਕੇ ਕਿ ਇਕ ਵੇਰ ਇਨ੍ਹਾਂ ਦੇ ਸਭਾ ਮੰਡਪ ਵਿਚ ਚੰਗੇ ਚੰਗੇ ਜਪੀ ਤਪੀ ਸੰਤਾਂ-ਭਗਤਾਂ ਦਾ ਸਤਿਸੰਗ ਜੁੜਿਆ। ਉਸ ਸਤਿਸੰਗ ਵਿਚ ਇਹ ਵਿਚਾਰ ਛਿੜ ਪਈ ਕਿ ਦੇਵੀ-ਦੇਵਤਿਆਂ ਦੀ ਸਿੱਧੀ, ਜਾਂ ਹੋਰ ਰਿੱਧੀਆਂ-ਸਿੱਧੀਆਂ ਤੇ ਨਵ ਨਿਧੀਆਂ ਦੀ ਪ੍ਰਾਪਤੀ ਉਨਾ ਚਿਰ ਕਿਸੇ ਲੇਖੇ ਨਹੀਂ ਜਿੰਨਾ ਚਿਰ ਬ੍ਰਹਮ ਗਿਆਨ ਪ੍ਰਾਪਤ ਨਹੀਂ ਹੁੰਦਾ ਅਤੇ ਨਾਮ-ਬਾਣੀ ਦੇ ਪ੍ਰਤਾਪ ਨਾਲ ਜੀਵਨ-ਮੁਕਤੀ ਜਾਂ ਪਰਮ ਪਦ ਪ੍ਰਾਪਤ ਨਹੀਂ ਹੋ ਜਾਂਦਾ। ਇਸ ਜੀਵਨ ਮੁਕਤੀ ਜਾਂ ਪਰਮ ਪਦ ਦੀ ਪ੍ਰਾਪਤੀ ਦੇ ਮੁਕਾਬਲੇ ਤੇ ਦੇਵੀ-ਦੇਵਤਿਆਂ ਤੋਂ ਪ੍ਰਾਪਤ ਹੋਣ ਵਾਲੀਆਂ ਹੋਰ ਖਿਣਕ ਰਿੱਧੀਆਂ-ਸਿੱਧੀਆਂ ਤੁੱਛ ਮਾਤਰ ਹਨ। ਇਸ ਸਤਿਸੰਗ ਤੋਂ ਉਪਰੰਤ ਜਦ ਭਗਤ ਪੀਪਾ ਜੀ ਨੇ ਦੁਰਗਾ ਦੇਵੀ ਤੋਂ ਪੂਰੀ ਤਰ੍ਹਾਂ ਪੁੱਛ-ਪੜਤਾਲ ਕੀਤੀ ਤੇ ਉਸ ਤੋਂ ਜੀਵਨ-ਮੁਕਤਿ ਰੂਪ ਪਰਮ ਪਦ ਪ੍ਰਾਪਤ ਹੁੰਦਾ ਨਾ ਵੇਖਿਆ ਤਾਂ ਇਕ-ਦਮ ਇਹ ਸ਼ਕਤੀ-ਪੂਜਾ ਛੱਡ ਦਿੱਤੀ ਤੇ ਇਹ ਨਿਸ਼ਚਾ ਕਰਕੇ ਕਿ—

> ਦੇਵੀ ਮੁਕਤਿ ਕਰ ਸਕੇ ਨ ਨੀਕਾ। ਜਿਮ ਮੁਕਤਿ ਹੋਇ ਸੁਖ ਹੋਵੈ ਜੀ ਕਾ। ਮੁਕਤਿ ਪਦਾਰਥ ਤ੍ਰਿਭਵਨ ਸਾਰ। ਨਿਰਭੈ ਪਦਵੀ ਅਪਰ ਅਪਾਰ। ਸੋਈ ਮੁਕਤਿ ਹੈ ਹਰਿ ਜਨ ਪਾਸ। ਹਰਿ ਸਿਉ ਮੇਲ ਕਰੈ ਹਰਿ ਦਾਸ।

ਜਦੋਂ ਇਨ੍ਹਾਂ ਨੂੰ ਇਹ ਸੋਝੀ ਆਈ ਕਿ ਸ਼ਾਕਤ ਬਣਿਆਂ ਮਨੁੱਖੀ ਜੀਵਨ ਨਹੀਂ ਸੌਰਦਾ ਤਾਂ ਆਪ ਸਤਿਸੰਗੀ ਸੰਤਾਂ-ਭਗਤਾਂ ਤੇ ਵੈਸ਼ਨਵਾਂ ਦੇ ਸਹਿਯੋਗ ਨਾਲ ਅਮਲੀ ਤੌਰ ਤੇ ਨਿਰਗੁਣ ਬ੍ਰਹਮ ਦੇ ਉਪਾਸ਼ਕ ਹੋ ਗਏ ਅਤੇ ਭਗਤੀ ਲਹਿਰ ਵਿਚ ਆ ਸ਼ਾਮਲ ਹੋਏ। ਸ਼ਾਕਤ ਸੰਪ੍ਰਦਾਇ ਨਾਲੋਂ ਆਪ ਦਾ ਸੰਬੰਧ ਹਮੇਸ਼ਾ ਲਈ ਟੁੱਟ ਗਿਆ।

੧੫ਵੀਂ ਸਦੀ ਦੇ ਵਿਅਕਤੀ ਹੋਣ ਕਰਕੇ ਭਗਤ ਪੀਪਾ ਜੀ ਭਗਤ ਕਬੀਰ, ਭਗਤ ਧੰਨਾ, ਰਵਿਦਾਸ ਤੇ ਰਾਮਾਨੰਦ ਜੀ ਦੇ ਸਮਕਾਲੀ ਸਨ। ਇਸੇ ਕਾਰਨ ਪ੍ਰਸਿੱਧ ਵੈਸ਼ਨਵ ਹਰਿਦਾਸ ਸੁਆਮੀ ਦੇ ਸੇਵਕ ਕਵਿ ਭਗਤ ਰਸਿਕ ਜੀ ਨੇ ਭਗਤ ਪੀਪਾ, ਧੰਨਾ, ਰਵਿਦਾਸ ਤੇ ਕਬੀਰ ਜੀ ਦਾ ਜ਼ਿਕਰ ਇਸ ਇਕੋ ਹੀ ਦੋਹਰੇ ਵਿਚ ਕੀਤਾ ਹੈ—

> ਜਗਤ ਵਿਦਿਤ ਪੀਪਾ ਧਨਾ, ਅਰੁ ਰਵਿਦਾਸ ਕਬੀਰ। ਮਹਾ ਧੀਰ ਦ੍ਰਿੜ੍ਹ ਏਕ ਰਸ, ਭਰੇ ਭਗਤਿ ਗੰਭੀਰ ॥੯੯॥

ਤੇ ਇਨ੍ਹਾਂ ਨੂੰ ਇਕੋ ਵੈਸ਼ਨਵ ਸੰਪ੍ਰਦਾਇ ਦੇ ਜੁੱਟ ਮੰਨਿਆ ਹੈ।

ਪੋਥੀ ਪ੍ਰੇਮ ਅੰਬੋਧ ਅਥਵਾ ਪਰਚੀਆਂ ਪ੍ਰੇਮ ਭਗਤਾਂ ਕੀਆਂ ਦੇ ਅਨੁਸਾਰ ਭਗਤ ਪੀਪਾ ਜੀ ਨੇ ਵੈਸ਼ਨਵ ਮਤ ਦੀ ਦੀਖਿਆ, ਆਪਣੀ ਸੁਪਤਨੀ



www.AKJ.Org

ਰਾਣੀ ਸੀਤਾ ਸਮੇਤ, ਬਨਾਰਸ ਪਹੁੰਚ ਕੇ ਪਰਮ ਤਪੱਸਵੀ ਰਾਮਾਨੰਦ ਸੁਆਮੀ ਤੋਂ ਲਈ ਤੇ ਫੇਰ ਆਪ ਪਰਿਵਾਰ ਸਮੇਤ ਵਾਪਸ ਗਗਰੋਨ ਪਹੁੰਚ ਗਏ। ਗਗਰੋਨ ਪਹੁੰਚਦਿਆਂ ਹੀ ਭਗਤ ਪੀਪਾ ਜੀ ਨੇ ਆਪਣੇ ਸਾਰੇ ਇਲਾਕੇ ਵਿਚ ਸਤਿਸੰਗ ਦਾ ਪ੍ਰਵਾਹ ਚਲਾਇਆ ਤੇ ਸ਼ਾਹੀ ਖ਼ਜ਼ਾਨੇ ਵਿਚੋਂ ਆਏ-ਗਏ ਅਭਿਆਗਤਾਂ ਦੀ ਟਹਿਲ-ਸੇਵਾ ਲਈ ਅਤੁੱਟ ਲੰਗਰ ਜਾਰੀ ਕਰ ਦਿੱਤਾ। ਜਦ ਇਸ ਤਰ੍ਹਾਂ ਭਗਤ ਪੀਪਾ ਜੀ ਦੇ ਭਗਤੀ ਭਾਵ ਤੇ ਪੁੰਨ ਦਾਨ ਦੀ ਮਹਿਮਾ ਬਨਾਰਸ ਪੁੱਜੀ ਤਾਂ ਸੁਆਮੀ ਰਾਮਾਨੰਦ ਜੀ ਬੜੇ ਖ਼ੁਸ਼ ਹੋਏ ਤੇ ਉਹ ਭਗਤ ਪੀਪਾ ਜੀ ਦਾ ਇਹ ਸ਼ਰਧਾ-ਭਾਵ ਅੱਖੀਂ ਵੇਖਣ ਲਈ ਆਪਣੇ ਸਤਿਸੰਗੀਆਂ ਸਮੇਤ ਸਿੱਧੇ ਗਗਰੋਨ ਪਹੁੰਚੇ। ਇਸ ਬਾਰੇ ਪ੍ਰੇਮ ਅੰਬੋਧ ਵਿਚ ਲਿਖਿਆ ਹੈ—

ਜਬ ਰਾਮਾਨੰਦ ਇਹ ਸੁਨਿ ਪਾਈ। ਉਮੰਗਿਓ ਪ੍ਰੇਮ ਕਰੀ ਅਧਿਕਾਈ। ਰਵਿਦਾਸ ਕਬੀਰ ਨਾਮਾ ਸੰਗ ਲੀਆ। ਸ੍ਰੀ ਰਾਮਾਨੰਦ ਪਿਆਨਾ ਕੀਆ। ਚਲਿ ਆਏ ਪੀਪਾ ਜਹਾਂ ਰਹਾਂ।...

ਤੇ ਫੇਰ ਉਨ੍ਹਾਂ ਨੇ ਉਥੋਂ ਗਗਰੋਨ ਤੋਂ ਹੋਰ ਸਾਰੇ ਹੀ ਸੰਤਾਂ-ਭਗਤਾਂ ਸਮੇਤ ਪੈਦਲ ਹੀ ਕਾਠੀਆਵਾੜ ਪਹੁੰਚ ਕੇ ਵੈਸ਼ਨਵ ਸੰਪ੍ਰਦਾਇ ਦੇ ਗੜ੍ਹ ਦੁਆਰਕਾ ਤੀਰਥ ਦੀ ਯਾਤ੍ਰਾ ਕੀਤੀ। ਗ਼ਾਲਬਨ ਉਨ੍ਹਾਂ ਦੀ ਇਸੇ ਯਾਤ੍ਰਾ ਸਮੇਂ ਭਗਤ ਪੀਪਾ ਜੀ ਦਾ ਦੁਆਰਕਾ ਦੇ ਸਥਾਨ ਪਰ, ਭਗਤ ਮਾਲਾ ਦੇ ਕਥਨ ਅਨੁਸਾਰ, ਸਾਗਰ ਕੰਢੇ ਦੇਹਾਂਤ ਹੋ ਗਿਆ। ਇਸ ਬਾਰੇ ਹੋਰ ਕੋਈ ਪੁਸ਼ਟ ਪ੍ਰਮਾਣ ਨਾ ਮਿਲਣ ਕਰਕੇ ਨਿਸ਼ਚਿਤ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ।

ਇਸ ਵਿਚ ਕੋਈ ਸ਼ਕ ਨਹੀਂ ਕਿ ਭਗਤ ਪੀਪਾ ਜੀ ਆਪਣੇ ਜੀਵਨ ਦੇ ਅੰਤਲੇ ਦਿਨੀਂ ਨਿਰਗੁਣ ਬ੍ਰਹਮ ਦੇ ਉਪਾਸ਼ਕ ਹੋਣ ਕਰਕੇ ਦੇਵੀ-ਪੂਜਾ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾ ਚੁਕੇ ਸਨ, ਜਿਸ ਦਾ ਪ੍ਰਮਾਣ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਏ ਭਗਤ ਪੀਪਾ ਜੀ ਦੇ ਇਸ ਇਕੋ ਸ਼ਬਦ ਤੋਂ ਚੰਗੀ ਤਰ੍ਹਾਂ ਮਿਲਦਾ ਹੈ। ਆਪ ਰਾਗ ਧਨਾਸਰੀ ਵਿਚ ਲਿਖਦੇ ਹਨ—

ਕਾਯਉ ਦੇਵਾ ਕਾਇਅਉ ਦੇਵਲ, ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ, ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ, ਨਵ ਨਿਧਿ ਪਾਈ ॥ ਨਾ ਕਛੁ ਆਇਬੋ, ਨਾ ਕਛੁ ਜਾਇਬੋ, ਰਾਮ ਕੀ ਦੁਹਾਈ ॥੧॥ **ਰਹਾਉ** ॥ ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰ ਹੋਇ ਲਖਾਵੈ ॥੨॥੧॥

ਭਗਤ ਜੀ ਦੇ ਇਸ ਸ਼ਬਦ ਵਿਚ ਮੂਰਤੀ-ਪੂਜਾ ਦਾ ਖੰਡਨ ਹੈ ਅਤੇ ਆਪ ਜੀ ਨੇ ਕਿਹਾ ਹੈ ਕਿ ਮੰਦਰ ਵਿਚ ਟਿਕਾਏ ਹੋਏ ਦੇਵਤਿਆਂ ਦੀ ਪੂਜਾ ਕਰਨ ਦੀ ਥਾਂ ਇਸ ਸਰੀਰ ਰੂਪੀ ਮੰਦਰ ਵਿਚ ਵਸ ਰਹੇ ਵਾਹਿਗੁਰੂ ਦਾ ਸਿਮਰਨ ਕਰੋ।

ਭਗਤ ਪੀਪਾ ਜੀ ਦੇ ਇਸ ਸ਼ਬਦ ਦਾ ਸਰਲ ਤੇ ਸਪੱਸ਼ਟ ਅਰਥ ਹੈ ਕਿ ਇਸ ਕਾਇਆਂ (ਸਰੀਰ) ਵਿਚ ਵਸ ਰਿਹਾ ਪਰਮਾਤਮਾ ਦੇਵਤਾ ਹੈ ਤੇ ਫੇਰ ਉਹੋ ਪਰਮਾਤਮਾ ਹੀ ਦੇਵਤੇ ਦਾ ਮੰਦਰ ਹੈ। ਇਸ ਕਾਇਆ ਅੰਦਰ ਵਸਦੇ ਪ੍ਰਭੂ-ਦੇਵਤੇ ਲਈ, ਕਾਇਆ ਦੀ ਖੋਜ ਪੜਤਾਲ ਕਰਨੀ ਹੀ ਧੂਪ, ਦੀਪ, ਨੈਵੇਦਜ ਆਦਿ ਸਾਮਗ੍ਰੀ ਅਥਵਾ ਭੇਟਾ ਕੀਤੀਆਂ ਮਿਠਾਈਆਂ ਹਨ। ਇਸਤਰ੍ਹਾਂ ਮੈਂ ਆਪੇ ਹੀ ਆਪਣੇ ਦੇਵਤੇ ਦੀ ਪੂਜਾ ਕਰਦਾ ਹਾਂ। ਮੈਂ ਇਸ ਬਹੁ-ਖੰਡੀ ਕਾਇਆ ਦੀ ਖੋਜ ਕਰ ਕੇ ਨੌਂ ਨਿਧਾਂ ਪ੍ਰਾਪਤ ਕੀਤੀਆਂ ਹਨ। ਪਰਮਾਤਮਾ ਦੇ ਸਿਮਰਨ ਦੀ ਦੁਹਾਈ ਸਰੀਰ ਵਿਚ ਮਚ ਜਾਣ ਨਾਲ ਮੈਨੂੰ ਨਿਸਚਾ ਹੋ ਗਿਆ ਹੈ ਕਿ ਨਾ ਇਸ ਦੁਨੀਆ ਵਿਚ ਕੋਈ ਆਉਂਦਾ ਹੈ ਤੇ ਨਾ ਕੋਈ ਏਥੋਂ ਜਾਂਦਾ ਹੈ। ਭਾਵ ਜਨਮ ਮਰਨ ਮਿਟ ਜਾਂਦਾ ਹੈ। ਉਹ ਪਰਮਾਤਮਾ ਇਸ ਸਰੀਰ ਵਿਚ ਉਸੇ ਤਰ੍ਹਾਂ ਰਮਿਆ ਹੋਇਆ ਹੈ ਜਿਸਤਰ੍ਹਾਂ ਹੋਰ ਸਾਰੇ ਸੰਸਾਰ ਵਿਚ। ਜੋ ਵਿਅਕਤੀ ਸ਼ੁੱਧ ਚਿੱਤ ਹੋ ਕੇ ਸ਼ਰਧਾ ਭਾਵ ਨਾਲ ਇਸ ਸਰੀਰ ਵਿਚੋਂ ਉਸ ਦੀ ਢੂੰਡ-ਭਾਲ ਕਰਦਾ ਹੈ ਉਹੋ ਉਸ ਨੂੰ ਪ੍ਰਾਪਤ ਕਰ ਲੈਂਦਾ ਹੈ।

[ਬਾਕੀ ਵੇਖੋ ਸਫ਼ੇ ੩੩ ਦੇ ਹੇਠ]



www.AKJ.Org

# ਕਲਗੀਧਰ-ਉਸਤਤਿ

[ਵਲੋਂ–ਨਾਇਬ ਸੂਬੇਦਾਰ ਹਰਭਜਨ ਸਿੰਘ ਜੀ ਸਿੱਧੂ, ਜਾਟ ਰਜਮੈਂਟ]

ਦਾਤਾਰ ਪਾਤਸ਼ਾਹ ! ਕਲਗੀਧਾਰ ਪਾਤਸ਼ਾਹ !!
ਚਿੱਟਿਆਂ ਬਾਜ਼ਾਂ ਵਾਲੇ ! ਦੀਨਾਂ ਦੇ ਰਖਵਾਲੇ !!
ਤਨ ਮਨ ਤੇਰੇ ਹਵਾਲੇ !!!
ਦੀਨ ਦੁਨੀ ਦੇ ਦਰਦੀ ਬਣਕੇ,ਪਟਨੇ ਵਿੱਚ ਤੁਸੀਂ ਆਏ!
ਕੰਬੇ ਬਾਈਧਾਰ ਪਹਾੜੀਂ, ਜਾਂ 'ਰਣਜੀਤ' ਬਜਾਏ !!
ਦੀਨਾਂ ਦੇ ਰਖਵਾਲੇ ! ਜ਼ੁਲਮ ਮਿਟਾਵਣ ਵਾਲੇ !!
ਸਭ ਕੁਝ ਤੇਰੇ ਹਵਾਲੇ !!!
ਜ਼ਾਲਮ ਜ਼ੁਲਮੋਂ ਸਿਤਮ ਸੀ ਢਾਂਦੇ, ਹਾਹਾਕਾਰ ਸੀ ਮੱਚੀ!
'ਚਿੜੀਓਂ ਸੇ ਮੈਂ ਬਾਜ਼ ਤੁੜਾਊਂ' ਬਾਣੀ ਕੀਤੀ ਸੱਚੀ !!
ਸੰਤ ਉਬਾਰਨ ਵਾਲੇ ! ਦੁਸ਼ਟ ਖਪਾਵਣ ਵਾਲੇ !!
ਧਰਮ ਬਚਾਵਣ ਵਾਲੇ !!!
ਬੀਰ ਗੰਭੀਰ ਹੋਯਾ ਨਾ ਹੋਸੀ, ਹਿੰਦੁਸਤਾਨ ਦੇ ਅੰਦਰ !
'ਜੀਅ ਜੰਤ ਸਭਿ ਸਰਣਿ ਤੁਮ੍ਹਾਰੀ' ਛਾਵਾਂ ਤੇਰੇ ਮੰਦਰ ।
ਬਾਣੀ ਦੇ ਮਤਵਾਲੇ. ਅੰਮ੍ਰਿਤ ਪਿਲਾਵਣ ਵਾਲੇ !!
ਸ਼ੇਰ ਬਣਾਵਣ ਵਾਲੇ !!!
ਪਿਤਾ ਵਾਰਿਆ, ਮਾਤਾ ਵਾਰੀ, ਵਾਰੇ ਪੁੱਤਰ ਚਾਰੇ ।
ਸਭ ਕੁਝ ਬਦਲੇ ਧਰਮ ਦੇ ਵਾਰ ਕੇ,ਸਾਜੇ ਪੰਜ ਪਿਆਰੇ।
ਫੌਜਾਂ ਦੇ ਰਖਵਾਲੇ, ਚਿੱਟਿਆਂ ਬਾਜ਼ਾਂ ਵਾਲੇ ।
ਸਭ ਕੁਝ ਤੇਰੇ ਹਵਾਲੇ !!!
'ਹਰਭਜਨ'ਕੂਕਰ ਦਰ ਤੇਰੇ ਦਾ, ਭਉਂਕੇ ਬਦਨ ਪਸਾਰੇ।
ਸਾਰੇ ਜੱਗ ਵਿੱਚ ਫੇਰ ਢੰਡੋਰਾ,ਮੈਂ ਆਇਆ ਤੇਰੇ ਦੁਆਰੇ।
ਜਨਮ ਸਵਾਰਨ ਵਾਲੇ ! ਈਹਾਂ ਊਹਾਂ ਰਖਵਾਲੇ !!
ਕਿਸਮਤ ਤੇਰੇ ਹਵਾਲੇ !!!
ਦਾਤਾਰ ਪਾਤਸ਼ਾਹ ! ਕਲਗੀਧਾਰ ਪਾਤਸ਼ਾਹ !!

---

[ਸਫ਼ਾ ੩੦ ਦੀ ਬਾਕੀ]

ਇਸਤ੍ਰੀ ਪਿਛੇ ਸਠ ਸਾਲ ਦੀ ਉਮਰ ਭੋਗਣ ਵਾਲੇ ਮੁਸਲਮਾਨ ੪੮, ਹਿੰਦੂ ੪ , ਸਿਖ ੬੦, ਕਿਉਂਕਿ ਸਿਖ ਤਮਾਕੂ ਨਹੀਂ ਪੀਂਦੇ।

੧੦ ਹਜ਼ਾਰ ਦੀ ਗਿਣਤੀ ਪਿਛੇ ਮੁਸਲਮਾਨ ੫੫, ਹਿੰਦੂ ਕੇਵਲ ੧੬, ਸਿਖ ੯੯, ਕਿਉਂਕਿ ਸਿਖ ਤਮਾਕੂ ਨਹੀਂ ਪੀਂਦਾ। ਹੁਣ ਤਕ ਅਖਬਾਰਾਂ ਵਿਚ ਛਪੇ ਅੰਕੜਿਆਂ ਅਨੁਸਾਰ ਹਿੰਦੁਸਤਾਨ ਵਿਚ ੧੦ ਅਰਬ ਦਾ ਤਮਾਕੂ ਤੇ ੫ ਅਰਬ ਦੀਆਂ ਮਾਚਸਾਂ ਦਾ ਖ਼ਰਚ ਹਰ ਸਾਲ ਹੈ।

ਡਾਕਟਰ ਵਿਲੀਅਮ ਮਲਕਾਫ, ਡਾਕਟਰ ਨਿਕੋਲਸਨ ਤੇ ਡਾ: ਕੈਲਾਸ਼ ਦੀ ਖੋਜ ਹੈ ਕਿ ਅਧ ਸੇਰ ਤਮਾਕੂ ਵਿਚ ੩੮੦ ਗ੍ਰੇਨ (ਇਕ ਗ੍ਰੇਨ ਦੋ ਚਾਵਲ ਬ੍ਰਾਬਰ) ਨਿਕੋਟੀਨ (ਸਖ਼ਤ ਜ਼ਹਿਰ) ਹੁੰਦੀ ਹੈ। ਇਕ ਗ੍ਰੇਨ ਦਾ ਦਸਵਾਂ ਹਿਸਾ ਇਕ ਕੁਤੇ ਨੂੰ ੩ ਮਿੰਟਾਂ ਵਿਚ ਮਾਰ ਮੁਕਾਉਂਦੀ ਹੈ। ਇਸ ਹਿਸਾਬ ਨਾਲ ੧ ਪੌਂਡ ਤਮਾਕੂ ਦੀ ਜ਼ਹਿਰ ਨਾਲ ੩੮੦੦ ਕੁੱਤੇ ਤੇ ੩੦੦ ਬੰਦਿਆਂ ਨੂੰ ਅਗਲੇ ਜਹਾਨ ਤੋਰਿਆ ਜਾ ਸਕਦਾ ਹੈ, ਇਸੇ ਲਈ ਤਮਾਕੂ ਦਾ ਲਾਇਸੈਂਸ ਜ਼ਹਿਰਾਂ ਵਿਚ ਸਰਕਾਰ ਨੇ ਸ਼ਾਮਲ ਕੀਤਾ ਹੈ, ਜਿਸ ਨੂੰ ਸਮਾਜ ਅੰਮ੍ਰਿਤ ਕਰ ਕੇ ਪੀ ਰਿਹਾ ਹੈ।

ਤਨਕ ਤਮਾਕੂ ਸੇਵੀਐ ਦੇਵ ਮਿਤਰ ਤਜ ਜਾਇ ॥
ਤਾ ਤੇ ਸੇਵਨ ਨ ਕਰੋ ਦਿੰਦਾ ਨਰਕ ਪੁਚਾਇ ॥

['ਗੁਰਮਤਿ ਪ੍ਰਕਾਸ਼', ਅਪ੍ਰੈਲ ੧੯੭੧

---

[ਸਫ਼ਾ ੩੨ ਦੀ ਬਾਕੀ]

ਭਗਤ ਪੀਪਾ ਜੀ ਕਹਿੰਦੇ ਹਨ ਕਿ ਉਹ ਪਰਮਾਤਮਾ ਪਰਮ ਤਤ ਹੈ ਅਤੇ ਸੱਚਾ ਸਤਿਗੁਰੂ, ਜਗਿਆਸੂ ਜੀਵ ਨੂੰ ਉਸ ਦੀ ਜਾਣਕਾਰੀ ਕਰਵਾ ਦਿੰਦਾ ਹੈ।

ਭਗਤ ਪੀਪਾ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਨ੍ਹਾਂ ਪਵਿਤਰ ਵਾਕਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਭਗਤ ਹੋਰੀ ਸਤਿਸੰਗਤ ਪ੍ਰਾਪਤ ਹੋਣ ਤੇ ਧੀਰੇ ਧੀਰੇ ਪਾਰਬ੍ਰਹਮ ਦੇ ਸਰਗੁਣ ਵਾਦ ਜਾਂ ਸਾਕਾਰ ਪੂਜਨ ਤੋਂ ਕਿਸਤਰ੍ਹਾਂ ਉਤਾਂਹ ਉਠੇ ਤੇ ਫੇਰ ਨਿਰੰਜਨ ਨਿਰੰਕਾਰ ਦੀ ਉਪਾਸ਼ਨਾ ਕਰਦੇ ਹੋਏ ਕਿਸਤਰ੍ਹਾਂ ਆਖ਼ਰ ਉਸ ਨਿਰਾਕਾਰ ਬ੍ਰਹਮ ਵਿਚ ਹੀ ਸਮਾ ਕੇ ਆਪਣਾ ਮਨੁੱਖੀ ਜੀਵਨ ਸਫਲ ਕਰ ਗਏ।



www.AKJ.Org

# ਸਿਖ ਧਰਮ ਤੇ ਮਾਸ ਸ਼ਰਾਬ

[ਵਲੋਂ – ਜੇ. ਪੀ. ਸੰਗਤ ਸਿੰਘ ਜੀ, ੭੫-੩, ਬੰਬਈ-੯੨]

ਕੌਮਾਂ ਦਾ ਜੀਵਨ ਉਹਦੇ ਮੰਨਣ ਵਾਲਿਆਂ ਦੇ ਵਿਅਕਤੀਗਤ ਆਚਰਨ ਅਤੇ ਚਰਿਤ੍ਰ ਉਤੇ ਨਿਰਭਰ ਕਰਦਾ ਹੈ। ਜਿਸ ਕੌਮ ਦੇ ਮੰਨਣ ਵਾਲਿਆਂ ਦਾ ਵਿਅਕਤੀਗਤ ਚਰਿਤ੍ਰ ਅਤੇ ਆਚਰਨ ਸਮੂਹਕ ਤੌਰ ਤੇ ਜਦੋਂ ਡਾਵਾਂ ਡੋਲ ਹੋ ਜਾਂਦਾ ਹੈ ਤਾਂ ਸਮੁੱਚੀ ਕੌਮ ਦੇ ਪੱਤਨ ਦੇ ਆਸਾਰ ਦਿਸਣ ਲਗ ਪੈਂਦੇ ਹਨ। ਮਨੁਖ ਦਾ ਚਰਿਤ੍ਰ ਅਥਵਾ ਆਚਰਨ ਉਸ ਦੇ ਅਹਾਰ ਜਾਂ ਭੋਜਨ ਉਤੇ ਨਿਰਭਰ ਕਰਦਾ ਹੈ। ਪਵਿਤ੍ਰ ਅਤੇ ਸਾਤਵਿਕ ਅਹਾਰ ਉਚ ਆਚਰਨ ਅਤੇ ਪਵਿਤਰ ਚਰਿਤ੍ਰ ਅਥਵਾ ਆਚਾਰ ਪੈਦਾ ਕਰਦਾ ਹੈ ਅਤੇ ਇਸ ਦੇ ਵਿਪ੍ਰੀਤ ਤਾਮਸਿਕ ਅਤੇ ਅਪਵਿਤ੍ਰ ਭੋਜਨ ਨੀਵੇਂ ਆਚਰਨ ਅਤੇ ਚਰਿਤ੍ਰ-ਹੀਨਤਾ ਦਾ ਮੁਖ ਕਾਰਨ ਹੁੰਦਾ ਹੈ।

ਸਿਆਣਿਆਂ ਦਾ ਕਥਨ ਹੈ "ਜੇਹਾ ਅੰਨ ਤੇਹਾ ਮਨ" ਅਥਵਾ "ਜਿਹਾ ਅਹਾਰ ਤੇਹੇ ਵਿਚਾਰ"।

ਸਿਖ ਧਰਮ ਵਿਚ ਸਮੂਹਕ ਤੌਰ ਤੇ ਚਰਿਤ੍ਰ-ਹੀਨਤਾ ਅਤੇ ਆਚਰਨ ਭਰਿਸ਼ਟਤਾ ਦਾ ਸਭ ਤੋਂ ਪਹਿਲੀ ਵੇਰਾਂ ਸਿਖ ਰਾਜ ਸਮੇਂ ਦੌਰ ਆਇਆ ਸੀ, ਜਿਸ ਨੇ ਸਿਖ ਰਾਜ-ਅਧਿਕਾਰੀਆਂ ਚੋਂ "ਬੁਕਲ ਦੇ ਸਪਾਂ" ਨੂੰ ਵੀ ਪਛਾਨਣ ਦੀ ਯੋਗਤਾ ਵੀ ਮੁਕਾ ਕੇ ਰਖ ਦਿਤੀ ਸੀ। ਅਤੇ ਸਿਖ ਰਾਜ ਦੇ ਅੰਤ ਦਾ ਕਾਰਨ ਵੀ ਇਹੋ ਹੀ ਬਣਿਆ। ਸਿਖ ਰਾਜ ਪਿਛੋਂ ਸਮੁੱਚੀ ਕੌਮ ਦੇ ਪੱਤਨ ਦਾ ਖਤਰਾ ਪ੍ਰਤਖ ਦਿਸਣ ਲਗ ਪਿਆ ਸੀ, ਜਿਸ ਨੂੰ ਸਮੇਂ ਦੇ ਮਹਾਂ ਪੁਰਸ਼ਾਂ ਭਾਈ ਦਿਆਲ ਜੀ ਨਿਰੰਕਾਰੀ, ਬਾਬਾ ਰਾਮ ਸਿੰਘ ਜੀ ਨਾਮਧਾਰੀ ਅਤੇ ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਸਮੇਂ ਸਿਰ ਭਾਂਪਿਆ ਅਤੇ ਠਲ੍ਹ ਪਾ ਲਈ।

ਅਜ ਫਿਰ ਪੰਥ ਦੇ ਮੁਖੀਆਂ ਅਤੇ ਚਿੰਤਕਾਂ ਨੂੰ ਇਹ ਨਿਰਮਲ ਪੰਥ ਆਪਣੇ ਆਦਰਸ਼ਾਂ ਤੋਂ ਦੂਰ ਲਾਂਭੇ ਹੁੰਦਾ ਜਾਂਦਾ ਜਾਪ ਰਿਹਾ ਹੈ ਅਤੇ ਓਹਨਾਂ ਨੂੰ ਇਸ ਦੇ ਪੁਨਰ-ਨਿਰਮਾਣ ਦੀ ਰਿੰਤਾ ਹੋ ਰਹੀ ਹੈ। ਪੰਥ ਅਜ ਆਪਣੇ ਆਦਰਸ਼ਾਂ ਤੋਂ ਕਿਉਂ ਦੂਰ ਹੋ ਰਿਹਾ ਹੈ? ਕਿਉਂ ਇਹ ਸਿਖੀ ਮਰਯਾਦਾ ਵਿਚ ਕਮਜ਼ੋਰ ਹੋ ਗਿਆ ਹੈ? ਕਿਉਂ ਇਹ ਆਪਣੇ ਨਿਸ਼ਾਨੇ ਤੇ ਆਦਰਸ਼ਾਂ ਨੂੰ ਭੁਲਾ ਬੈਠਾ ਹੈ? ਜੇ ਦਿਆਨਤਦਾਰੀ ਨਾਲ ਪੂਰੀ ਤਰ੍ਹਾਂ ਘੋਖਵੀਂ ਪੜਤਾਲ ਕੀਤੀ ਜਾਏ ਤਾਂ ਇਸ ਦਾ ਉਤਰ ਇਹੋ ਮਿਲੇਗਾ ਕਿ ਅਜ ਇਹ ਅਹਾਰ ਸੰਬੰਧੀ ਲਾਪਰਵਾਹ ਹੋ ਗਿਆ ਹੈ। ਇਹ ਭੋਜਨ ਅਤੇ ਖ਼ੁਰਾਕ ਦੇ ਪਖ ਤੋਂ ਸਤਿਗੁਰੂ ਦੇ ਉਪਦੇਸ਼ਾਂ ਨੂੰ ਭੁਲਾ ਬੈਠਾ ਹੈ, ਇਸ ਸੰਬੰਧ ਵਿਚ ਇਹ ਗੁਰ-ਆਸੇ ਤੋਂ ਬੇਮੁਖ ਹੋ ਗਿਆ ਹੈ। ਉਦੋਂ ਵਾਂਗੂ ਅਜ ਫਿਰ ਬਿਨਾਂ ਸੋਚ ਵਿਚਾਰ ਕੀਤੇ "ਭਖੁ ਅਭਖੁ ਸਭ ਖਾਹੀ" ਜਾ ਰਿਹਾ ਹੈ ਅਤੇ ਜੀਭ-ਸੁਆਦ ਦੇ ਪਿਛੇ ਲਗ ਕੇ ਇਸ ਦਾ "ਖਾਣਾ ਖਾਜ ਅਖਾਜ" ਹੋ ਕੇ ਰਹਿ ਗਿਆ ਹੈ। ਇਸ ਲਈ ਇਸ ਦੇ ਪੁਨਰ-ਨਿਰਮਾਣ ਦੇ ਚਿੰਤਕਾਂ ਨੂੰ ਆਪਣੇ ਮੰਤਵ ਵਿਚ ਸਫਲ ਹੋਣ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਬਣਦਾ ਹੈ ਕਿ ਇਸ ਦੇ ਅਹਾਰ ਵਲ ਉਚੇਚਾ ਧਿਆਨ ਦੇ ਕੇ ਇਸ ਨੂੰ ਸਭ ਤੋਂ ਪਹਿਲਾਂ ਸੁਧਾਰਿਆ ਜਾਏ। ਜਦੋਂ ਤੀਕ ਅਹਾਰ ਸ਼ੁਧ ਤੇ ਪਵਿਤ੍ਰ ਨਹੀਂ ਹੋਵੇਗਾ, ਵਿਚਾਰ ਪਵਿਤ੍ਰ ਨਹੀਂ ਹੋ ਸਕਦੇ ਅਤੇ ਜਦੋਂ ਤੀਕ ਵਿਚਾਰ ਅਥਵਾ ਮਨ ਪਵਿਤ੍ਰ ਨਹੀਂ ਹੁੰਦਾ, ਸੁਧਾਰ ਹੋਣਾ ਅਸੰਭਵ ਹੈ।

ਸਿਖ ਧਰਮ ਵਿਚ ਮਾਸ, ਮਛੀ, ਸ਼ਰਾਬ ਅਤੇ ਹੋਰ ਤਾਮਸਿਕ ਅਤੇ ਨਸ਼ੀਲੀਆਂ ਵਸਤੂਆਂ ਦੇ ਸੇਵਨ ਦੀ ਸਖ਼ਤ ਮਨਾਹੀ ਹੈ। ਉਪ੍ਰੋਕਤ ਵਸਤੂਆਂ ਦੀ ਵਰਤੋਂ ਗੁਰਸਿਖ ਲਈ ਧਰਮ ਅਤੇ ਗੁਰਮਤਿ ਆਸ਼ੇ ਦੇ ਬਿਲਕੁਲ ਵਿਰੁਧ ਹੈ ਅਤੇ ਘੋਰ ਮਨ-ਮਤਿ ਹੈ। ਪਾਵਨ ਗੁਰਬਾਣੀ ਵਿਚ ਅਨੇਕਾਂ ਅਜਿਹੇ ਉਪਦੇਸ਼ ਅਤੇ ਗੁਰੂ-ਹੁਕਮ ਹਨ ਜਿਹੜੇ ਕਿ ਸਿਖ ਨੂੰ ਉਪੋਕਤ ਵਸਤੂਆਂ ਦੀ ਵਰਤੋਂ ਤੋਂ ਸਖਤੀ ਨਾਲ ਵਰਜਦੇ ਹਨ। ਸਤਿਗੁਰੂ ਜੀ ਦੇ ਇਹਨਾਂ ਪਵਿਤ੍ਰ ਫ਼ੁਰਮਾਨਾਂ



www.AKJ.Org

ਵਿਚ ਇਹਨਾਂ ਵਸਤੂਆਂ ਦੇ ਭਖੀਆਂ ਨੂੰ "ਮੂਰਖ", ਮੁਰਦਾਰ-ਖਾਣੇ, ਪਾਪੀ, ਹਤਿਆਰੇ, ਕਸਾਈ, ਝੱਖੀ, ਜ਼ਾਲਮ, ਬੇਸ਼ਰਮ, ਨਿਰਦਈ; ਆਦਿ ਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ ਅਤੇ ਦਸਿਆ ਗਿਆ ਹੈ ਕਿ ਇਹਨਾਂ ਵਸਤੂਆਂ ਦੇ ਸੇਵਨ ਕਰਨ ਵਾਲਿਆਂ ਦੇ ਤੀਰਥ ਅਸਥਾਨਾਂ ਉਤੇ ਜਾ ਜਾ ਕੀਤੇ ਕਰਮ ਧਰਮ ਤੇ ਪੁੰਨ ਦਾਨ ਸਭ ਨਿਰਾਰਥ ਜਾਂਦੇ ਹਨ, ਪ੍ਰਭੂ ਦਰਗਾਹ ਵਿਚ ਇਹਨਾਂ ਨੂੰ ਮੂੰਹੋਂ ਮੂੰਹ ਪੈਣਗੀਆਂ ਤੇ ਇਹਨਾਂ ਦੇ ਗਲੇ ਕਟੇ ਜਾਣਗੇ । ਸ਼ਰਾਬ ਪੀਣ ਵਾਲਿਆਂ ਨੂੰ ਪਾਵਨ ਗੁਰਬਾਣੀ ਵਿਚ "ਬਿਖਲੀਪਤਿ" ਭਾਵ ਵੇਸਵਾ ਦਾ ਪਤੀ, ਅਥਵਾ ਆਪਣੀਆਂ ਰੰਨਾਂ ਦੀ ਦਲਾਲੀ ਖਾਣ ਵਾਲੇ, ਆਖਿਆ ਗਿਆ ਹੈ ।

ਪਵਿਤ੍ਰ ਗੁਰਬਾਣੀ ਤੋਂ ਛੁਟ ਸਤਿਗੁਰੂ ਸਾਹਿਬਾਨ ਦੇ, ਸਮੇਂ ਸਮੇਂ ਸਿਰ ਆਪਣੇ ਸਿਖਾਂ ਅਤੇ ਸਤਿਸੰਗੀਆਂ ਵਲ ਜਾਰੀ ਕੀਤੇ ਹੁਕਮਨਾਮਿਆਂ ਵਿਚ ਵੀ ਉਪ੍ਰੋਕਤ ਘ੍ਰਿਣਤ ਵਸਤੂਆਂ ਤੋਂ ਬਚ ਕੇ ਰਹਿਣ ਦੇ ਉਚੇਚੇ ਫੁਰਮਾਨ ਮੌਜੂਦ ਹਨ । ਪੁਰਾਤਨ ਹਥ-ਲਿਖਤ ਬੀੜਾਂ ਵਿਚ ਵੀ ਇਹਨਾਂ ਅਭਖ ਵਸਤੂਆਂ ਤੋਂ ਦੂਰ ਰਹਿਣ ਲਈ ਉਚੇਚੀਆਂ ਲਿਖਤਾਂ ਉਪਲਭਦ ਹੋਈਆਂ ਹਨ । ਇਹਨਾਂ ਲਿਖਤਾਂ ਚੋਂ ਕਈਆਂ ਨੂੰ ਸਤਿਗੁਰੂ ਸਾਹਿਬਾਨ ਨੇ ਆਪਣੇ ਕਰ-ਕਮਲਾਂ ਦੇ ਦਸਖ਼ਤ ਕਰ ਕੇ ਪ੍ਰਮਾਣੀਕਤਾ ਬਖ਼ਸ਼ੀ ਹੈ ।

ਪੁਰਾਤਨ ਰਹਿਤਨਾਮਿਆਂ ਵਿਚ ਵੀ ਮਾਸ ਅਤੇ ਸ਼ਰਾਬ ਜਿਹੀਆਂ ਅਖਾਜ ਵਸਤੂਆਂ ਦੀ ਵਰਤੋਂ ਦੀ ਸਖ਼ਤ ਮਨਾਹੀ ਕੀਤੀ ਗਈ ਹੈ । ਮਾਸ ਜਿਹੀ ਘ੍ਰਿਣਤ ਵਸਤੂ ਦੇ ਸੇਵਨ ਨੂੰ ਤਾਂ ਰਹਿਤ ਮਰਯਾਦਾ ਵਿਚ ਚਾਰ ਬਜਰ ਕੁਰਹਿਤਾਂ ਵਿਚ ਸ਼ਾਮਲ ਕਰ ਦਿਤਾ ਗਿਆ ਹੈ ।

ਇਹਨਾਂ ਤੋਂ ਛੁਟ ਸਤਿਗੁਰੂ ਸਾਹਿਬਾਨ ਦੇ ਜੀਵਨ-ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰੇ ਪਏ ਹਨ ਜਿਹਨਾਂ ਵਿਚ ਕਿ ਸਤਿਗੁਰੂ ਸਾਹਿਬਾਨ ਨੇ ਜਦੋਂ ਵੀ ਕੋਈ ਅਉਸਰ ਬਣਿਆ, ਆਪਣੇ ਸੇਵਕਾਂ ਤੇ ਸਤਿਸੰਗੀਆਂ ਨੂੰ ਓਹਨਾਂ ਨੇ ਮਾਸ ਤੇ ਸ਼ਰਾਬ ਜਿਹੀਆਂ ਵਸਤੂਆਂ ਤੋਂ ਬਚ ਕੇ ਰਹਿਣ ਦੇ ਉਪਦੇਸ਼ ਕੀਤੇ ਹਨ । ਅਤੇ ਜੇ ਕਰ ਕੋਈ ਪਹਿਲਾਂ ਇਹਨਾਂ ਚੋਂ ਕਿਸੇ ਵਸਤੂ ਦੀ ਵਰਤੋਂ ਕਰਦਾ ਸੀ ਤਾਂ ਉਹਨਾਂ ਨੇ ਇਹਨਾਂ ਵਸਤੂਆਂ ਦੀ ਵਰਤੋਂ ਨੂੰ ਤਿਆਗ ਦੇਣ ਦੀ ਪ੍ਰੇਰਨਾ ਕੀਤੀ ਹੈ ।

ਕਿਸੇ ਸਤਿਗੁਰੂ ਜੀ ਨੇ ਕਿਸੇ ਅਉਸਰ ਤੇ, ਕਿਸੇ ਹਾਲ ਵਿਚ ਵੀ, ਵਡੇ ਤੋਂ ਵਡਾ ਖ਼ਤਰਾ ਮੁਲ ਲੈ ਕੇ ਵੀ ਮਾਸ ਖਾਣਾ ਅੰਗੀਕਾਰ ਨਹੀਂ ਕੀਤਾ ਅਤੇ ਨਾ ਹੀ ਕਿਸੇ ਸਿਖ ਨੂੰ ਇਸ ਦੀ ਕਿਧਰੇ ਆਗਿਆ ਹੀ ਦਿਤੀ ਹੈ । ਇਸ ਦੇ ਉਲਟ ਇਤਿਹਾਸ ਵਿਚ ਐਸੇ ਵਾਕਿਆਤ ਮੌਜੂਦ ਹਨ ਜਿਹਨਾਂ ਵਿਚ ਕਿ ਸਤਿਗੁਰੂ ਜੀ ਨੇ ਕਿਸੇ ਮਾਸਾਹਾਰੀ ਦੇ ਘਰ ਦਾ ਭੋਜਨ ਉਦੋਂ ਤੀਕ ਗ੍ਰਹਿਣ ਕਰਨਾ ਪ੍ਰਵਾਨ ਨਾ ਕੀਤਾ ਜਦ ਤੀਕ ਕਿ ਉਸ ਨੇ ਮਾਸ ਖਾਣਾ ਤਿਆਗ ਦੇਣ ਦਾ ਬਚਨ ਨਾ ਦੇ ਦਿਤਾ । ਇਤਿਹਾਸ ਇਸ ਗੱਲ ਦਾ ਗੁਆਹ ਹੈ ਕਿ ਸਤਿਗੁਰੂ ਜੀ ਨੇ ਆਪਣੇ ਸਤਿਸੰਗੀਆਂ ਨੂੰ ਇਹ ਗੱਲ ਪ੍ਰਮਾਣਿਤ ਕਰ ਦਿੱਤੀ ਕਿ ਮਾਸ ਖਾਣਾ ਤਾਂ ਇਕ ਪਾਸੇ ਰਿਹਾ, ਮਾਸ ਖਾਣ ਲਈ ਮਨ ਲਲਚਾਣ ਅਤੇ ਮਾਸ ਦੀ ਸੁਗੰਧੀ ਲੈਣ ਨਾਲ ਵੀ ਭੁਖੇ-ਬਘਿਆੜਾਂ ਦੀ ਜੂਨ ਮਿਲਦੀ ਹੈ ।

ਸਾਰੀ ਗੁਰਬਾਣੀ ਵਿਚ ਅਤੇ ਸਮੁੱਚੇ ਇਤਿਹਾਸ ਵਿਚ ਕਿਧਰੇ ਵੀ ਇਹ ਸੰਕੇਤ ਨਹੀਂ ਮਿਲਦਾ ਕਿ ਕਿਧਰੇ ਕਿਸੇ ਸਤਿਗੁਰੂ ਜੀ ਨੇ ਕਿਸੇ ਨੂੰ ਮਾਸ, ਸ਼ਰਾਬ ਇਤਿਆਦਿ ਤਾਮਸਿਕ ਵਸਤੂਆਂ ਦੇ ਕਿਸੀ ਪ੍ਰਸਤਿਥੀ ਵਿਚ ਵਰਤ ਲੈਣ ਦੀ ਖੁਲ੍ਹ ਦਿਤੀ ਹੋਵੇ, ਜਾਂ ਕਿਸੇ ਬਾਰੇ ਇਹਨਾਂ ਵਸਤੂਆਂ ਦੀ ਵਰਤੋਂ ਕਰਨ ਬਾਰੇ ਸੁਣ ਕੇ ਦਰ-ਗੁਜ਼ਰ ਕੀਤਾ ਹੋਵੇ ਤੇ ਉਸ ਨੂੰ ਇਹਨਾਂ ਵਸਤੂਆਂ ਦੇ ਤਿਆਗਣ ਦੀ ਤਾੜਨਾ ਨਾ ਕੀਤੀ ਹੋਵੇ ।

ਸਿਹਤ ਅਤੇ ਭੋਜਨ ਵਿਗਿਆਨੀਆਂ ਦੇ ਤਜਰਬੇ ਅਤੇ ਉਹਨਾਂ ਦੀਆਂ ਰਾਵਾਂ ਦਾ ਤਾਤਪਰਜ ਵੀ ਇਹੋ ਹੀ ਨਿਕਲਦਾ ਹੈ ਕਿ ਮਾਸ, ਸ਼ਰਾਬ ਅਤੇ ਹੋਰ ਤਾਮਸਿਕ ਤੇ ਨਸ਼ੀਲੀਆਂ ਵਸਤੂਆਂ ਅਨ-ਮਨੁਖੀ ਅਹਾਰ ਹੋਣ ਕਰਕੇ ਕਿਸੇ ਤਰ੍ਹਾਂ ਵੀ ਮਨੁਖ ਲਈ ਲਾਭਵੰਦੀਆਂ ਨਹੀਂ ਹਨ ।

ਸੰਸਾਰ ਭਰ ਦੇ ਸਰਬਤ ਧਰਮ-ਗ੍ਰੰਥਾਂ ਅਤੇ ਹਰ ਧਰਮ ਅਤੇ ਹਰ ਦੇਸ਼ ਦੇ ਮਹਾਂਪੁਰਸ਼ਾਂ ਨੇ ਵੀ ਇਹਨਾਂ



www.AKJ.Org

ਵਸਤੂਆਂ ਦੇ ਸੇਵਨ ਦੀ ਨਿਖੇਧੀ ਕੀਤੀ ਹੈ ਅਤੇ ਇਹਨਾਂ ਨੂੰ ਮਨੁਖ ਲਈ ਅ ਸੁਭਾਵਕ ਅਤੇ ਹਾਨੀ-ਕਾਰਕ ਆਖਿਆ ਹੈ।

ਨੈਤਕ ਗ੍ਰੰਥਾਂ ਨੇ ਵੀ ਮਨੁਖ ਨੂੰ ਅਜਿਹੀਆਂ ਵਸਤੂਆਂ ਤੋਂ ਸਦਾ ਬਚੇ ਰਹਿਣ ਦੀ ਸਲਾਹ ਦਿਤੀ ਹੈ।

ਕੁਦਰਤ ਨੇ ਵੀ ਮਾਸ਼ਾਹਾਰੀ ਅਤੇ ਸਾਕਾਹਾਰੀ ਜੀਵਾਂ ਦੀ ਸਰੀਰਕ ਬਣਤਰ, ਸੁਭਾਅ ਅਤੇ ਆਦਤਾਂ ਵਿਚ ਜੋ ਫ਼ਰਕ ਰਖਿਆ ਹੈ ਉਸ ਤੋਂ ਵੀ ਮਨੁਖ ਦਾ ਨਿਰਾਮਸ਼ ਹੋਣਾ ਹੀ ਸਿਧ ਹੁੰਦਾ ਹੈ।

ਸਿੱਖੀ ਵਿਚ ਗੁਰੂ ਹੁਕਮ ਮੰਨਣਾ, ਗੁਰਸਿਖ ਦਾ ਪਰਮ ਧਰਮ ਬਣਦਾ ਹੈ—

ਗੁਰ ਸਿਖੀ ਦਾ ਕਰਮ ਇਹ, ਗੁਰ ਫੁਰਮਾਏ ਗੁਰਸਿਖ ਕਰਣਾ ॥ [ਭਾ: ਗੁਰਦਾਸ ਜੀ ੨੮-੧੦

ਕਿਉਂਕਿ ਗੁਰਬਾਣੀ ਅਨੁਸਾਰ ਤਾਂ ਉਹੋ ਹੀ :—

...ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ ॥ [ਸੋਰਠਿ ਮਹਲਾ ੩, ੬੦੧

ਅਤੇ ਇਸ ਦੇ ਵਿਪ੍ਰੀਤ :—

ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ॥ [ਸੋਰਠਿ ਮਹਲਾ ੩, ੬੦੧

ਗੁਰੂ ਕੇ ਸਿਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਅਤੇ ਰਹਿਤ ਮਰਯਾਦਾ ਦੇ ਨਿਯਮ ਹੀ ਗੁਰੂ ਦਾ ਭਾਣਾ ਹੈ, ਇਸ ਲਈ ਪਵਿਤ੍ਰ ਗੁਰਬਾਣੀ ਦੇ ਉਪਦੇਸ਼ਾਂ, ਸਿਖ ਰਹਿਤ ਮਰਯਾਦਾ ਵਿਚ ਉਲੀਕੇ ਜੀਵਨ-ਜ਼ਾਬਤਿਆਂ ਅਤੇ ਸਤਿਗੁਰੂ ਸਾਹਿਬਾਨ ਦੇ ਆਪਣੇ ਜੀਵਨ-ਕਾਲ ਵਿਚ ਪਾਏ ਪੂਰਨਿਆਂ ਉਤੇ ਜਿਹੜਾ ਕੋਈ ਆਪਣੇ ਵਿਅਕਤੀਗਤ ਜੀਵਨ ਵਿਚ ਚਲ ਸਕੇ, ਕੇਵਲ ਉਸੇ ਨੂੰ ਹੀ ਸਿਖ ਆਖਿਆ ਜਾ ਸਕਦਾ ਹੈ।

ਸਿਖੀ ਦੇ ਜੀਵਨ-ਜ਼ਬਤ ਵਿਚ ਅਹਾਰ ਨੂੰ ਇਕ ਖ਼ਾਸ ਮਹੱਤਤਾ ਦਿਤੀ ਗਈ ਹੈ ਕਿਉਂਕਿ ਮਨੁਖ ਦੇ ਅਹਾਰ ਉਤੇ ਹੀ ਉਸ ਦੇ ਵਿਚਾਰ ਨਿਰਭਰ ਕਰਦੇ ਹਨ। ਉਸ ਦੇ ਵਿਚਾਰਾਂ ਅਨੁਸਾਰ ਹੀ ਉਸ ਦੀ ਕਿਰਤ ਅਤੇ ਕਿਰਤ ਦੇ ਸਾਧਨ ਬਣਦੇ ਹਨ। ਕਿਰਤ ਅਨੁਸਾਰ ਹੀ ਕਰਮ ਤੇ ਸੰਸਕਾਰ ਬਣਦੇ ਹਨ। ਕਰਮ ਅਤੇ ਸੰਸਕਾਰਾਂ ਅਨੁਸਾਰ ਹੀ ਉਸ ਦਾ ਚਰਿਤ੍ਰ ਅਤੇ ਆਚਰਨ ਬਣਦਾ ਹੈ ਅਤੇ ਇਹੋ ਚਰਿਤ੍ਰ ਤੇ ਆਚਰਨ ਹੀ ਸਹਿਜੇ ਸਹਿਜੇ ਉਸ ਦੀ ਸਮੁੱਚੀ ਸ਼ਖਸੀਅਤ ਬਣ ਜਾਂਦੇ ਹਨ।

ਮਨੁਖ ਦਾ ਰੋਜ਼ਾਨਾ ਜੀਵਨ ਵੀ ਉਸ ਦੇ ਵਿਚਾਰਾਂ, ਕਿਰਤ, ਕਰਮਾਂ, ਚਰਿਤ੍ਰ ਅਤੇ ਆਚਰਨ ਉਤੇ ਹੀ ਉਸਰਦਾ ਹੈ ਅਤੇ ਉਸ ਦੇ ਸਮੁਚੇ ਜੀਵਨ ਦੀ ਸਫਲਤਾ ਜਾਂ ਅਸਫਲਤਾ ਦਾ ਅਧਾਰ ਉਸ ਦਾ ਇਹ ਰੋਜ਼ਾਨਾ ਜੀਵਨ ਹੀ ਹੁੰਦਾ ਹੈ। ਨਾਲ ਹੀ ਉਸਦੇ ਆ ਰਹੇ ਜੀਵਨ ਦੀ ਉਸਾਰੀ ਵੀ ਉਸ ਦੇ ਇਸੇ ਰੋਜ਼ਾਨਾ ਜੀਵਨ ਉਤੇ ਹੀ ਹੋਣੀ ਹੁੰਦੀ ਹੈ।

ਮੂਲ ਮੁਦਾ ਇਹ ਕਿ ਮਨੁਖ ਦਾ ਰੋਜ਼ਾਨਾ ਜੀਵਨ, ਉਸ ਦੇ ਕਰਮ, ਉਸ ਦੀ ਕਿਰਤ, ਉਸ ਦਾ ਆਚਰਨ ਤੇ ਚਰਿਤ੍ਰ ਉਸ ਦਾ ਇਹ ਜੀਵਨ ਤੇ ਉਸ ਦਾ ਆ ਰਿਹਾ ਜੀਵਨ ਸਭੋ ਕੁਝ ਹੀ ਉਸ ਦੇ ਅਹਾਰ ਦੇ ਅਨੁਕੂਲ ਹੀ ਹੁੰਦਾ ਹੈ। ਭਾਵ ਇਸ ਸਭ ਕੁਝ ਦੀ ਨੀਂਹ ਹੈ ਮਨੁਖ ਦਾ ਅਹਾਰ।

ਸ਼ਾਇਦ ਇਹੋ ਹੀ ਕਾਰਨ ਹੈ ਕਿ ਪਾਵਨ ਗੁਰ-ਬਾਣੀ ਅਤੇ ਗੁਰਮਤਿ ਵਿਚ ਅਹਾਰ ਨੂੰ ਉਚੇਚੀ ਮਹੱਤਤਾ ਦਿਤੀ ਗਈ ਹੈ। ਇਸ ਲਈ ਹਰ ਗੁਰਸਿਖ ਅਖਵਾਉਂਦੇ ਮਨੁਖ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ-ਦੇਵ ਮੰਨਦੇ ਪ੍ਰਾਣੀ ਮਾਤ੍ਰ ਨੂੰ ਆਪਣੇ ਆਹਾਰ ਵਲ ਉਚੇਚਾ ਧਿਆਨ ਦੇਣਾ ਅਤੇ ਇਸ ਸੰਬੰਧੀ ਪਵਿਤ੍ਰ ਗੁਰਬਾਣੀ ਦੇ ਉਪਦੇਸ਼ਾਂ ਦੀ ਪਾਲਨਾ ਕਰਨਾ ਅਤੇ ਸਤਿਗੁਰੂ ਸਾਹਿਬਾਨ ਦੇ ਆਪਣੇ ਜੀਵਨ-ਕਾਲ ਵਿਚ ਪਾਏ ਪੂਰਨਿਆਂ ਉਤੇ ਤੁਰਨਾ ਪਰਮ ਧਰਮ ਬਣਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਗੁਰ-ਸਿਖ ਨੂੰ ਨਾਮ ਸਿਮਰਨ ਦੀ ਪ੍ਰੇਰਨਾ ਦੇਂਦੀ ਹੈ :—

"ਨਾਨਕ ਕੈ ਘਰਿ ਕੇਵਲ ਨਾਮੁ"

[ਭੈਰਉ ਮਹਲਾ ੫, ੧੧੩੬

ਅਤੇ "ਕਲਿ ਕੇਵਲ ਨਾਮੁ ਅਧਾਰ" ਹੈ।

[ਗਉੜੀ ਰਵਿਦਾਸ ਜੀ, ੩੪੬

ਗੁਰੂ ਕੇ ਸਿਖ ਲਈ ਸਿਮਰਨ ਅਤਯੰਤ ਜ਼ਰੂਰੀ



www.AKJ.Org

ਦਸਿਆ ਹੈ ਕਿਉਂਕਿ ਸੰਸਾਰ ਦੇ ਹੋਰ ਜਿਤਨੇ ਵੀ ਕਾਰ ਵਿਹਾਰ ਹਨ ਅਤੇ ਜਿਤਨੇ ਵੀ ਕੰਮ ਧੰਦੇ ਹਨ ਸਾਰੇ ਹੀ ਗੁਰਬਾਣੀ ਅਨੁਸਾਰ "ਅਵਰਿ ਕਾਜ" ਹਨ ਅਤੇ ਇਹ :—

"ਅਵਰਿ ਕਾਜ ਤੇਰੈ ਕਿਤੈ ਨ ਕਾਮ"

ਹਨ। ਇਸ ਲਈ

"ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮੁ" [੩੭੮

ਹੀ ਗੁਰੂ ਕੇ ਸਿਖ ਲਈ ਉਪਯੋਗੀ ਹੈ। ਐਪਰ ਪ੍ਰਭੂ ਜੀ ਦਾ ਪਾਵਨ ਨਾਮ ਤਾਂ ਕੇਵਲ ਪਵਿਤ੍ਰ ਹਿਰਦੇ ਵਾਲੇ ਮੂੰਹ ਚੋਂ ਹੀ ਲਿਆ ਜਾ ਸਕਦਾ ਹੈ :—

ਨਾਨਕ ਨਾਉ ਖੁਦਾਇ ਕਾ, ਦਿਲਿ ਹਛੈ ਮੁਖਿ
ਲੇਹੁ ॥ [ਵਾਰ ਮਾਝ ਮਹਲਾ ੧, ੧੪੦

ਐਪਰ ਬੇਜ਼ੁਬਾਨ ਅਤੇ ਨਿਤਾਣੇ ਜੀਵਾਂ ਨੂੰ ਕੁਹ ਕੁਹ ਕੇ ਉਹਨਾਂ ਦੀ ਰਤ ਡੋਲ੍ਹਣ ਤੇ ਮਾਸ ਖਾਣ ਵਾਲਿਆਂ ਦਾ ਹਿਰਦਾ (ਚਿਤ) ਤਾਂ ਪਵਿਤ੍ਰ ਅਥਵਾ ਨਿਰਮਲ ਹੋ ਹੀ ਨਹੀਂ ਸਕਦਾ :—

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨਿ ਕਿਉ
ਨਿਰਮਲੁ ਚੀਤੁ ॥ [ਮਾਝ ਮਹਲਾ ੧, ੧੪੦

ਜੇ ਹਿਰਦਾ (ਮਨ ਅਥਵਾ ਚਿਤ) ਪਵਿਤ੍ਰ ਨਹੀਂ ਅਥਵਾ ਅਪਵਿਤ੍ਰ ਜਾਂ ਜੂਠਾ ਹੈ ਤਾਂ ਸਰੀਰ ਅਥਵਾ ਜੀਭਾ (ਮੁਖ) ਵੀ ਪਵਿਤ੍ਰ ਨਹੀਂ ਰਹਿ ਸਕਦੇ, ਉਹ ਵੀ ਅਵੱਸ਼ ਜੂਠੇ ਹੀ ਰਹਿੰਦੇ ਹਨ :—

ਮਨਿ ਜੂਠੈ, ਤਨਿ ਜੂਠਿ ਹੈ, ਜਿਹਵਾ ਜੂਠੀ
ਹੋਇ ॥ [ਸਿਰੀਰਾਗੁ ਮਹਲਾ ੧, ੫੫-੫੬

ਤਾਂ ਫਿਰ "ਨਾਉ ਖੁਦਾਇ ਕਾ" ਜਿਹੜਾ ਕਿ ਕੇਵਲ "ਦਿਲਿ ਹਛੈ ਮੁਖਿ" ਨਾਲ ਹੀ ਲਿਆ ਜਾ ਸਕਦਾ ਹੈ, ਕਿਵੇਂ ਲਿਆ ਜਾ ਸਕੇਗਾ? ਅਥਵਾ ਸਿਮਰਨ ਕਿਵੇਂ ਹੋ ਸਕੇਗਾ ਜੇ "ਦਿਲਿ ਹਛਾ ਮੁਖਿ" ਨਹੀਂ ਹੈ? ਮੁਖ ਹਛਾ ਅਥਵਾ ਪਵਿਤ੍ਰ ਅਤੇ ਸਿਮਰਨ ਕਰਨ ਯੋਗ ਕਿਵੇਂ ਹੋਵੇ? ਇਸ ਦਾ ਮੁਖ ਸਾਧਨ ਹੈ ਪਵਿਤ੍ਰ ਅਹਾਰ। ਕਿਉਂਕਿ ਕੁਦਰਤ ਦਾ ਇਹ ਅਟਲ ਨਿਯਮ ਹੈ ਕਿ ਮਨੁਖ ਜੋ ਕੁਝ ਖਾਂਦਾ ਹੈ ਓਹੋ ਜਿਹਾ ਹੀ ਉਸ ਦਾ ਮੁਖ ਅਥਵਾ ਉਸ ਦੀ ਬਾਣੀ ਹੋ ਜਾਂਦੀ ਹੈ ਅਤੇ ਓਹੋ ਜਿਹੇ ਹੀ ਉਸ ਦੇ ਕਰਮ ਬਣ ਜਾਂਦੇ ਹਨ। ਜੇ ਇਹ ਪਵਿਤ੍ਰ ਅਹਾਰ ਕਰੇਗਾ ਤਾਂ ਉਸਦੇ ਬਚਨ ਮਿਠੇ, ਅਤੇ ਅੰਮ੍ਰਿਤ ਬਚਨ ਹੋਣਗੇ ਅਤੇ ਉਸ ਦੇ ਕਰਮ ਵੀ ਸੁਭ ਤੇ ਪਵਿਤ੍ਰ ਹੋਣਗੇ, ਪਰ ਇਸਦੇ ਉਲਟ:

ਬਿਖੁ ਖਾਣਾ, ਬਿਖੁ ਬੋਲਣਾ, ਬਿਖੁ ਕੀ ਕਾਰ
ਕਮਾਇ ॥ [ਪ੍ਰਭਾਤੀ ਮਹਲਾ ੧, ੧੩੩੧

ਜੇ ਪਵਿਤ੍ਰਤਾ ਨਹੀਂ ਤਾਂ ਨਾ ਹੀ ਧਰਮ ਹੈ ਨਾ ਹੀ ਸਚ ਦੀ ਪ੍ਰਾਪਤੀ ਹੀ ਹੋ ਸਕਦੀ ਹੈ :—

"ਸੁਚਿ ਹੋਵੈ ਤਾ ਸਚੁ ਪਾਈਐ ॥" (੪੭੨)

ਅਤੇ ਧਰਮ ਅਥਵਾ ਸਚ ਉਥੇ ਹੀ ਹੁੰਦਾ ਹੈ ਜਿਥੇ ਦਇਆ ਹੋਵੇ, ਕਿਉਂਕਿ :—

"ਧੌਲੁ ਧਰਮੁ ਦਇਆ ਕਾ ਪੂਤੁ" (ਜਪੁਜੀ) ਹੈ।

ਦਇਆ ਹੀ ਧਰਮ ਦੀ ਜਣਨੀ ਹੈ। ਜੇ ਦਇਆ ਨਹੀਂ ਤਾਂ ਧਰਮ ਵੀ ਨਹੀਂ ਟਿਕ ਸਕਦਾ—"ਦਇਆ ਧਰਮ ਕਾ ਮੂਲ ਹੈ" (ਤੁਲਸੀ ਦਾਸ)।

ਭਾਵ ਜਿਥੇ ਧਰਮ ਤੇ ਦਇਆ ਨਹੀਂ ਉਥੇ ਨਿਰਦਯਤਾ ਹੀ ਹੁੰਦੀ ਹੈ ਅਤੇ ਪਾਵਨ ਗੁਰਬਾਣੀ ਦ ਇਹ ਫ਼ੈਸਲਾ ਹੈ ਕਿ :—

ਨਿਰਦਇਆ ਨਹੀ ਜੋਤਿ ਉਜਾਲਾ॥ [੯੦੩

ਜਿਸ ਹਿਰਦੇ ਵਿਚ ਪ੍ਰਭੂ ਦੇ ਜੀਵਾਂ ਲਈ ਦਯਾ ਨਹੀਂ ਹੈ ਉਸ ਹਿਰਦੇ ਵਿਚ ਪ੍ਰਭੂ ਜੋਤਿ ਦਾ ਪ੍ਰਕਾਸ਼ ਹੋ ਹੀ ਨਹੀਂ ਸਕਦਾ। ਇਸ ਵਾਸਤੇ ਗੁਰੂ ਕੇ ਸਿਖ ਲਈ ਜ਼ਰੂਰੀ ਹੈ ਕਿ ਮਨ ਨੂੰ ਪਵਿਤ੍ਰ ਕਰਨ ਲਈ ਅਤੇ ਨਾਮ ਤੇ ਧਰਮ ਨੂੰ ਟਿਕਾਣ ਯੋਗ ਬਣਾਨ ਲਈ ਸਭ ਤੋਂ ਪਹਿਲਾਂ :—

ਹਿੰਸਾ ਮਮਤਾ ਮੋਹੁ ਚੁਕਾਵੈ ॥ [੮੪੦
ਸਤੁ, ਸੰਤੋਖੁ, ਦਇਆ, ਧਰਮੁ, ਸੀਗਾਰੁ
ਬਨਾਵਉ ॥ [ਬਿਲਾਵਲ ਮਹਲਾ ੫, ੮੧੨
ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ
ਸਤੁ ਵਟੁ ॥ [ਵਾਰ ਆਸਾ ਮ: ੧, ੪੭੧
ਦਇਆ ਦੇਵਤਾ, ਖਿਮਾ ਜਪਮਾਲੀ, ਸੇ
ਮਾਣਸ ਪ੍ਰਧਾਨ ॥[ਵਾਰ ਸਾਰੰਗ ਮਹਲਾ ੧,੧੨੪੫
ਭੁਗਤਿ ਗਿਆਨੁ, ਦਇਆ ਭੰਡਾਰਣਿ (ਜਪੁਜੀ)
ਤੀਰਥ ਦੇਖਿ ਨ ਜਲਿ ਮਹਿ ਪੈਸਉ, ਜੀਅ
ਜੰਤ ਨ ਸਤਾਵਉਗੋ ॥ [੯੭੩

ਦਇਆ ਕਰਨੀ ਸਿਖੇ, ਮਨ ਵਿਚ ਤਰਸ ਤੇ ਰਹਿਮ ਦੀ ਭਾਵਨਾ ਪੈਦਾ ਕਰੇ। ਐਪਰ ਇਹ ਦਇਆ, ਤਰਸ ਅਥਵਾ ਰਹਿਮ ਵੀ ਤਾਂ ਸਿਰਜਣਹਾਰ ਪਿਤਾ

www.AKJ.Org

ਦੀ ਉਚੇਚੀ ਬਖਸ਼ਿਸ਼ ਹੈ, ਜਿਹੜੀ ਕਿ ਹਰ ਇਕ ਮਨੁਖ ਉਤੇ ਨਹੀਂ ਹੋ ਸਕਦੀ ਅਤੇ ਖ਼ਾਸ ਕਰਕੇ ਜੀਭ-ਸੁਆਦ ਪਿਛੇ ਲਗ ਕੇ ਗੁਰੂ ਦੇ ਹੁਕਮਾਂ ਦੀ ਅਦੂਲੀ ਕਰਨ ਵਾਲਿਆਂ ਉਤੇ ਤਾਂ ਹੋ ਹੀ ਨਹੀਂ ਸਕਦੀ :—

ਜਪੁ, ਤਪੁ, ਸੰਜਮੁ, ਦਇਆ, ਧਰਮੁ, ਜਿਸੁ
ਦੇਇ ਸੁ ਪਾਏ ॥ [ਰਾਮਕਲੀ ਮਹਲਾ ੫, ੯੬੬

ਅਤੇ—ਦਇਆ, ਧਰਮੁ, ਤਪੁ, ਨਿਹਚਲੋ, ਜਿਸੁ
ਕਰਮਿ ਲਿਖਾਧਾ ॥ [ਮਾਰੂ ਮਹਲਾ ੫, ੧੧੦੧

ਦਇਆ ਅਥਵਾ ਤਰਸ, ਜੀਵ ਮਾਤ੍ਰ ਲਈ ਜ਼ਰੂਰੀ ਹੈ, ਹਰ ਜੀਵ ਅੰਦਰ ਵਾਹਿਗੁਰੂ ਜੀ ਦੀ ਇਕੋ ਜੋਤ ਹੀ ਪ੍ਰਕਾਸ਼ਮਾਨ ਹੈ । ਓਹ ਜੋਤ ਜਿਹੜੀ ਮਨੁਖ ਅੰਦਰ ਵੀ ਹੈ :—

ਖਾਲਕੁ ਖਲਕ, ਖਲਕ ਮਹਿ ਖਾਲਿਕੁ, ਪੂਰਿ
ਰਹਿਓ ਸਰਬ ਠਾਂਈ ॥ (੧੩੪੯-੫੦)
ਅਸਥਾਵਰ, ਜੰਗਮ, ਕੀਟ, ਪਤੰਗਮ, ਘਟਿ
ਘਟਿ ਰਾਮੁ ਸਮਾਨਾ ਰੇ ॥
[ਮਾਲੀਗਉੜਾ ਨਾਮਦੇਉ ਜੀ, ੯੮੮
ਘਟ ਘਟ ਅੰਤਰਿ ਰਵਿਆ ਸੋਈ ॥
[ਆਸਾ ਮਹਲਾ ੫, ੩੮੭
ਈਤਹਿ, ਊਤਹਿ, ਘਟਿ, ਘਟਿ, ਘਟਿ, ਘਟਿ,
ਤੂੰਹੀ ਤੂੰਹੀ ਮੋਹਿਨਾ ॥ [ਆਸਾ ਮਹਲਾ ੫, ੪੦੭
ਸਰਬ ਜੀਆ ਮਹਿ ਏਕੋ ਰਵੈ ॥ (੨੨੮)
ਸਭ ਮਹਿ ਜੀਉ ਜੀਉ ਹੈ ਸੋਈ, ਘਟਿ ਘਟਿ
ਰਹਿਆ ਸਮਾਈ ॥ [ਮਲਾਰ ਮਹਲਾ ੧, ੧੨੭੩
ਸਭ ਮਹਿ ਜੋਤਿ, ਜੋਤਿ ਹੈ ਸੋਇ ॥ ਤਿਸ ਕੈ
ਚਾਨਣਿ ਸਭ ਮਹਿ ਚਾਨਣੁ ਹੋਇ ॥ [੬੬੩

ਹਿੰਸਾ ਅਥਵਾ ਨਿਰਦਯਤਾ ਦਾ ਮੂਲ ਕਾਰਨ ਹੈ ਹੰਕਾਰ ਅਤੇ ਹੰਕਾਰ ਤੋਂ ਖਲਾਸੀ ਪਾਉਣ ਲਈ ਵੀ ਜ਼ਰੂਰੀ ਹੈ ਕਿ ਪ੍ਰਭੂ ਜੀ ਦੀ ਇਕੋ ਜੋਤ ਨੂੰ ਸਰਬਤ ਜੀਵਾਂ ਵਿਚ ਵਿਆਪਕ ਅਨਭਵ ਕੀਤਾ ਜਾਏ :—

ਸਰਬ ਜੀਆ ਮਹਿ ਏਕੋ ਜਾਣੈ, ਤਾ ਹਉਮੈ
ਕਹੈ ਨ ਕੋਈ ॥ [ਆਸਾ ਮਹਲਾ ੧, ੪੩੨

ਪ੍ਰਭੂ ਦਰਬਾਰ ਚੋਂ ਵੀ ਵਡਿਆਈ-ਪ੍ਰਾਪਤੀ ਦਾ ਪਾਤਰ ਕੇਵਲ ਉਹੋ ਹੀ ਬਣ ਸਕਦਾ ਹੈ ਜਿਹੜਾ :—

ਨਾਨਕ ਤਾ ਕਉ ਮਿਲੈ ਵਡਾਈ, ਆਪੁ
ਪਛਾਣੇ ਸਰਬ ਜੀਆ ॥ [ਰਾਮਕਲੀ ਮ:੧, ੯੪੦

ਅਤੇ ਜਿਹੜਾ ਕੋਈ ਜੀਵ ਮਾਤ੍ਰ ਵਿਚ ਵਾਹਿਗੁਰੂ ਜੀ ਦਾ ਪ੍ਰਕਾਸ਼ ਅਨਭਵ ਕਰ ਲੈਂਦਾ ਹੈ, ਉਸ ਨੂੰ ਬਕਰਿਆਂ, ਹਿਰਨਾਂ, ਕੁਕੜਾਂ; ਮਛੀਆਂ, ਤਿਤਰਾਂ, ਬਟੇਰਿਆਂ ਆਦਿ ਸਭ ਵਿਚ ਹੀ ਉਹ ਵਾਹਿਗੁਰੂ ਮੌਜੂਦ ਦਿਸਣ ਲਗ ਪੈਂਦਾ ਹੈ, ਅਤੇ ਫਿਰ :—

ਜਉ ਸਭ ਮਹਿ ਏਕੁ ਖੁਦਾਇ ਕਹਤ ਹਉ,
ਤਉ ਕਿਉ ਮੁਰਗੀ ਮਾਰੈ ॥ (੧੩੫੦)

ਉਹ ਬੇਜ਼ੁਬਾਨ ਜੀਵਾਂ ਦਾ ਘਾਤ ਨਹੀਂ ਕਰਦਾ ਕਿਉਂਕਿ ਜੀਵ ਮਾਤ੍ਰ ਅੰਦਰ ਪ੍ਰਭੂ-ਜੋਤਿ ਦੀ ਅਨਭਵਤਾ, ਆਪਣੇ ਆਪੇ ਦੀ ਪਛਾਣ ਹੈ—

ਜੋਤੀ ਅੰਦਰਿ ਜੋਤਿ ਸਮਾਣੀ, ਆਪੁ ਪਛਾਤਾ
ਆਪੇ ॥ [ਤੁਖਾਰੀ ਮਹਲਾ ੧, ੧੧੧੧

ਹੁਣ ਤੀਕ ਦੀ ਕੀਤੀ ਵਿਚਾਰ ਦਾ ਸਿਟਾ ਇਹ ਨਿਕਲਿਆ ਹੈ ਕਿ ਸਿਖ ਧਰਮ ਵਿਚ ਨਾਮ-ਸਿਮਰਨ ਅਤੀ ਜ਼ਰੂਰੀ ਹੈ । ਪਰ ਨਾਮ ਦਾ ਸਿਮਰਨ, ਪਵਿਤ੍ਰ ਹਿਰਦੇ ਵਾਲੇ ਮੂੰਹੋਂ ਹੀ ਹੋ ਸਕਦਾ ਹੈ । ਹਿਰਦਾ ਪਵਿਤ੍ਰ ਓਹੋ ਹੈ ਜਿਸ ਵਿਚ ਧਰਮ ਹੋਵੇ ਅਤੇ ਧਰਮ ਉਥੇ ਹੁੰਦਾ ਹੈ ਜਿਥੇ ਦਇਆ ਹੋਵੇ । ਦਇਆ ਦੇ ਅਭਾਵ ਜਾਂ ਨਿਰਦਇਤਾ ਭਰੇ ਹਿਰਦੇ ਵਿਚ ਪ੍ਰਭੂ ਜੋਤ ਦਾ ਪ੍ਰਕਾਸ਼ ਨਹੀਂ ਹੋ ਸਕਦਾ । ਨਿਰਦਇਤਾ ਦਾ ਮੂਲ ਕਾਰਨ ਹੈ ਹੰਕਾਰ । ਹੰਕਾਰ ਤੋਂ ਮੁਕਤੀ-ਪ੍ਰਾਪਤੀ ਲਈ ਘਟ-ਘਟ ਵਿਚ ਤੇ ਜੀਵ ਮਾਤਰ ਵਿਚ ਇਕੋ ਪ੍ਰਭੂ ਦੀ ਮੌਜੂਦਗੀ ਦਾ ਅਨਭਵ ਅਤੀ ਜ਼ਰੂਰੀ ਹੈ । ਇਹੋ ਅਨਭਵ ਹੀ ਆਪਣੇ ਆਪੇ ਦੀ ਪਛਾਣ ਹੈ । ਇਸ ਸਭ ਕੁਝ ਦਾ ਮੂਲ ਅਧਾਰ ਹੈ—'ਅਹਾਰ' । ਇਹੋ ਹੀ ਕਾਰਨ ਹੈ ਕਿ ਗੁਰੂ ਬਾਣੀ ਵਿਚ ਅਹਾਰ ਅਤੇ ਮਨ-ਖਿੰਡਾਓ ਦੇ ਸਰਬਤ ਕਾਰਨਾਂ ਸੰਬੰਧੀ ਇਕ ਰਾਮ-ਲੀਕ ਖਿਚ ਦਿਤੀ ਹੈ :—

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ
ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ
ਵਿਕਾਰ ॥ [ਸਿਰੀ ਰਾਗੁ ਮਹਲਾ ੧, ੧੬

ਮਾਨੋ ਅਹਾਰ ਦੇ ਯੋਗ ਅਥਵਾ ਅਯੋਗ ਦੀ ਪਰਖ ਲਈ ਪਵਿਤ੍ਰ ਗੁਰੂ ਬਾਣੀ ਨੇ ਇਕ ਕਸੌਟੀ ਦੇ ਦਿਤੀ ਹੈ ।



www.AKJ.Org

# ਕਿਧਰ ਜਾਣਾ ਸੀ ਤੇ ਕਿਧਰ ਜਾ ਰਹੇ ਹਾਂ ?

[ਵਲੋਂ—ਸ: ਭਜਨ ਸਿੰਘ ਜੀ ਭਿੰਡਰ, ਦੜੈ ਵਾਲੀ]

ਦੇਸ ਵਾਸੀਓ ਸੋਚੋ ਕੁਝ ਦਿਲ ਅੰਦਰ, ਕਿਧਰ ਜਾਣਾ ਸੀ ਤੇ ਕਿਧਰ ਜਾ ਰਹੇ ਹਾਂ।
ਸਚੇ ਗੁਰੂ ਦਾ ਛਡ ਉਪਦੇਸ਼ ਆਪਾਂ, ਪਖੰਡੀ ਲੋਕਾਂ ਨੂੰ ਸੀਸ ਝੁਕਾ ਰਹੇ ਹਾਂ।

ਜਿਸ ਗੁਰੂ ਨੇ ਸਾਡੇ ਤੇ ਮਿਹਰ ਕਰ ਕੇ, ਸਿੱਧਾ ਰਸਤਾ ਸਾਨੂੰ ਦਿਖਾ ਦਿਤਾ।
ਕੀਤੀ ਮਿਹਰ ਅਕਾਲੀ ਲਿਆ ਬਾਣੀ, ਸਿਧਾ ਅਕਾਲ ਨਾਲ ਮੇਲ ਕਰਾ ਦਿਤਾ।
ਜਿਸ ਨੇ ਸਾਡੇ ਤੋਂ ਵਾਰੇ ਸੀ ਲਾਲ ਚਾਰੇ, ਕਿਉਂ ਉਹਦੇ ਉਪਕਾਰ ਭੁਲਾ ਰਹੇ ਹਾਂ।
ਦੇਸ ਵਾਸੀਓ ਸੋਚੋ ਕੁਝ ਦਿਲ ਅੰਦਰ, ਕਿਧਰ ਜਾਣਾ ਸੀ ਤੇ ਕਿਧਰ ਜਾ ਰਹੇ ਹਾਂ।

ਪਿਤਾ ਵਾਰਿਆ ਜਿਸ ਨੇ ਦੇਸ ਉਤੋਂ, ਸਾਰਾ ਸਰਬੰਸ ਹੀ ਕਰ ਕੁਰਬਾਨ ਦਿਤਾ।
ਬੇਅੰਤ ਝਲ ਕੇ ਕਸ਼ਟ ਸਰੀਰ ਉਤੇ, ਖ਼ਾਲਸਈ ਸੀ ਗੱਡ ਨਿਸ਼ਾਨ ਦਿਤਾ।
ਦਾਤੇ ਕਿਹਾ ਸੀ 'ਸਾਬਤ ਸੂਰਤ ਰਖਣੀ ਹੈ', ਜਾਣ ਬੁਝ ਕੇ ਕੇਸ ਕਟਾ ਰਹੇ ਹਾਂ।
ਦੇਸ ਵਾਸੀਓ ਸੋਚੋ ਕੁਝ ਦਿਲ ਅੰਦਰ, ਕਿਧਰ ਜਾਣਾ ਸੀ ਤੇ ਕਿਧਰ ਜਾ ਰਹੇ ਹਾਂ।

ਮਾਣਸ ਜਨਮ ਸਬੱਬ ਦੇ ਨਾਲ ਮਿਲਿਆ, ਆਓ ਆਪਣਾ ਜਨਮ ਸਵਾਰ ਲਈਏ।
ਅੰਮ੍ਰਿਤ ਛਕ ਕੇ ਗੁਰੂ ਦਸਮੇਸ਼ ਜੀ ਦਾ, ਉਚਾ ਆਪਣਾ ਕਰ ਕਿਰਦਾਰ ਲਈਏ।
ਮੰਨੀਏ "ਧੁਰ ਕੀ ਬਾਣੀ" ਸਭ ਰਲ ਕੇ, ਕਾਹਨੂੰ ਥਾਂ ਥਾਂ ਧੱਕੇ ਖਾ ਰਹੇ ਹਾਂ।
ਦੇਸ ਵਾਸੀਓ ਸੋਚੋ ਕੁਝ ਦਿਲ ਅੰਦਰ, ਕਿਧਰ ਜਾਣਾ ਸੀ ਤੇ ਕਿਧਰ ਜਾ ਰਹੇ ਹਾਂ।

ਵੀਰੋ ਛਡ ਕੇ ਵੈਰ ਵਿਰੋਧ ਸਾਰੇ, ਆਓ ਰਲ ਗਲਵਕੜੀਆਂ ਪਾ ਲਈਏ।
ਗੁਰੂ ਨਾਨਕ ਦੀ ਬਾਣੀ ਨੂੰ ਪੜ੍ਹ ਸੁਣ ਕੇ, ਜਨਮ ਮਰਨ ਦਾ ਗੇੜ ਮੁਕਾ ਲਈਏ।
ਕਹੇ 'ਭਜਨ' ਸਵਾਸ ਸਵਾਸ ਨਾਮ ਜਪੀਏ, ਕਾਹਨੂੰ ਅਮੋਲਕ ਸਮਾਂ ਗਵਾ ਰਹੇ ਹਾਂ।
ਦੇਸ ਵਾਸੀਓ ਸੋਚੋ ਕੁਝ ਦਿਲ ਅੰਦਰ, ਕਿਧਰ ਜਾਣਾ ਸੀ ਤੇ ਕਿਧਰ ਜਾ ਰਹੇ ਹਾਂ।

ਮੇਰੇ ਸਤਿਕਾਰ ਯੋਗ ਵੀਰਨੋ,

ਜੀਵ ਸੰਸਾਰਕ ਸੁਖਾਂ ਖ਼ਾਤਰ ਕਈ ਤਰ੍ਹਾਂ ਦੇ ਧੰਧੇ ਪਿਟਦਾ ਹੈ। ਨਿਜ ਸੁਆਰਥ ਖ਼ਾਤਰ ਯੋਗ ਅਯੋਗ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਲੋਭ-ਲਹਿਰ ਵਿਚ ਚੰਗੇ ਮਾੜੇ ਦੀ ਤਮੀਜ਼ ਵੀ ਭੁਲ ਜਾਂਦਾ ਹੈ। ਨਤੀਜੇ ਵਜੋਂ ਲੁਟ ਘਸੁਟ ਕਰਨੋਂ ਵੀ ਸੰਕੋਚ ਨਹੀਂ ਕਰਦਾ। ਮਾਇਆ ਦੀ ਖ਼ਾਤਰ ਵਢੀਆਂ ਖਾਣੀਆਂ, ਬਲੈਕਾਂ ਕਰਨੀਆਂ, ਝੂਠ ਫ਼ਰੇਬ, ਠੱਗੀਆਂ ਠੋਰੀਆਂ ਅਤੇ ਪਰਾਏ ਹੱਕ ਨੂੰ ਹੜਪ ਕਰ ਜਾਣਾ ਅਜ ਕਲ੍ਹ ਸਧਾਰਨ ਗੱਲਾਂ ਬਣ ਗਈਆਂ ਹਨ। ਮਾਇਆ ਦੀ ਹਵਸ ਨੇ ਮਨੁੱਖ ਦੀ ਮਤ ਮਾਰ ਦਿਤੀ ਹੈ।

ਵਲ ਛਲ ਨਾਲ ਇਕੱਠੀ ਕੀਤੀ ਮਾਇਆ ਅਨੇਕਾਂ ਮਾੜੇ ਕੰਮਾਂ ਵਲ ਪ੍ਰੇਰਦੀ ਹੈ, ਜਿਹਾ ਕਿ ਸ਼ਰਾਬ ਨੋਸ਼ੀ, ਬਦ-ਚਲਨੀ, ਜੂਆ-ਬਾਜ਼ੀ, ਕਈ ਤਰ੍ਹਾਂ ਦੇ ਨਸ਼ਿਆਂ ਦੀ ਵਰਤੋਂ ਆਦਿ। ਇਸ ਤਰ੍ਹਾਂ ਮਨੁੱਖ ਕਈ ਤਰ੍ਹਾਂ ਦੀਆਂ ਬੀਮਾਰੀਆਂ ਆਪ ਸਹੇੜਦਾ ਹੈ।

ਇਨ੍ਹਾਂ ਸਭ ਬੁਰਿਆਈਆਂ ਦਾ ਮੂਲ ਕਾਰਨ ਭੈੜੀ ਸੰਗਤ ਹੈ। ਇਸ ਦੇ ਨਾਲ ਗੰਦਾ ਲਿਟਰੇਚਰ



www.AKJ.Org

ਪੜ੍ਹਨਾ, ਸਿਨਮੇ ਵੇਖਣੇ, ਗੰਦੇ ਰੀਕਾਰਡ ਤੇ ਗੰਦੇ ਗਾਣੇ ਸੁਣਨੇ ਅਤੇ ਨੰਗੇਜ ਭਰੇ ਫ਼ੈਸ਼ਨ ਕਰਨੇ, ਇਹ ਸਭ ਇਨਸਾਨ ਦੀ ਬਿਰਤੀ ਨੂੰ ਵਿਗਾੜਦੇ ਹਨ।

ਇਕੱਲੀ ਸ਼ਰਾਬ ਹੀ ਅਨੇਕਾਂ ਬੁਰਿਆਈਆਂ ਦੀ ਜੜ੍ਹ ਹੈ। ਕਤਲ, ਡਾਕੇ, ਉਪੱਦਰ, ਲੜਾਈਆਂ ਅਤੇ ਖ਼ਾਨਦਾਨਾਂ ਨੂੰ ਬਰਬਾਦ ਕਰਨਾ ਇਸ ਸ਼ਰਾਬ ਦੇ ਹੀ ਕਾਰਨਾਮੇ ਹਨ।

ਇਨ੍ਹਾਂ ਸਭ ਐਬਾਂ ਤੋਂ ਬਚਣ ਦਾ ਇਕੋ ਇਕ ਰਾਹ ਹੈ—

ਜਉ ਸੁਖ ਕਉ ਚਾਹੈ ਸਦਾ, ਸਰਨਿ ਰਾਮ ਕੀ ਲੇਹ॥ [ਸਲੋਕ ਮ: ੯

ਜੇ ਸਾਰੇ ਦੁਖਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਗੁਰੂ ਕੀ ਸ਼ਰਨ ਆ ਕੇ, ਕਲਗੀਧਰ ਜੀ ਦੇ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਕੇ ਸਚਿਆਰ ਸਿੰਘ ਬਣ ਜਾਓ, ਆਪ ਨਾਮ ਜਪੋ ਅਤੇ ਹੋਰਨਾਂ ਨੂੰ ਜਪਣ ਦੀ ਪ੍ਰੇਰਨਾ ਕਰੋ। ਇਸੇ ਵਿਚ ਆਪਣਾ ਵੀ ਭਲਾ ਹੈ ਅਤੇ ਹੋਰਨਾਂ ਦਾ ਵੀ। ਇਸ ਤਰ੍ਹਾਂ ਲੋਕ ਪਰਲੋਕ ਸੰਵਾਰ ਲਓ—

ਇਹ ਲੋਕ ਸੁਖੀਏ, ਪਰਲੋਕ ਸੁਹੇਲੇ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ॥

[ਸੁਖਮਨੀ ਸਾਹਿਬ, ਅਸਟ: ੨੨

---

**ਸ਼ੋਕਮਈ ਚਲਾਣਾ—** ਪ੍ਰੋ: ਉਦੇ ਸਿੰਘ ਜੀ ਸੂਦਬਰੀ, ਕੈਨੇਡਾ ਦਾ ਨੌਜਵਾਨ ਭੁਜੰਗੀ ਕਿਰਪਾਲ ਸਿੰਘ ੬ ਅਕਤੂਬਰ ੧੯੭੫ ਨੂੰ ਕਾਰ ਦੇ ਹਾਦਸੇ ਨਾਲ ਚਲਾਣਾ ਕਰ ਗਿਆ। ਸੰਗਤਾਂ ਅਰਦਾਸ ਕਰਨ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਨਾਲ ਜੋੜ ਲੈਣ।

---

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਹਰਬੰਸ ਸਿੰਘ ਜੀ ਕਾਨਪੁਰ ਵਲੋਂ ਆਪਣੇ ਪਿਤਾ ਜੀ ਦੀ ਯਾਦ ਵਿਚ | ੧੧—੦੦ |
| ਭੈਣ ਪੁਸ਼ਪ ਲਤਾ ਸੈਣੀ, ਦਾਰਾਪੁਰ (ਟਾਂਡਾ) ਵਲੋਂ ਵਧੇ ਹੋਏ ਚੰਦੇ ਵਜੋਂ | ੬—੦੦ |
| ਸ: ਪੂਰਨ ਸਿੰਘ ਜੀ ਨਵੀਂ ਦਿਲੀ ਵਲੋਂ ਆਪਣੇ ਸਪੁੱਤਰ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | ੧੧—੦੦ |
| ਸ: ਗੁਰਦੀਪ ਸਿੰਘ ਜੀ ਪਰਤਾਪ ਪੁਰਾ ਵਲੋਂ ਆਪਣੀ ਚਾਚੀ ਜੀ ਦੇ ਭੋਗ ਸਮੇਂ | ੨੧—੦੦ |
| ਸ: ਨਰਸੀ ਸਿੰਘ ਜੀ ਕਾਲਕਾ ਵਲੋਂ ਆਪਣੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | ੧੦—੦੦ |
| *LAC* ਜਗਮੋਹਨ ਸਿੰਘ 221 *Sqdn* ਵਲੋਂ | ੧੧—੦੦ |
| ਮਿਸਜ਼ ਐਮ. ਸਿੰਘ ਹਾਵੜਾ ਵਲੋਂ ਆਪਣੀ ਦੋਹਤੀ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ | ੫—੦੦ |
| ਸੂਬੇਦਾਰ ਮੋਹਨ ਸਿੰਘ ਜੀ ਸ਼ੀਲਾਂਗ ਵਲੋਂ | ੫—੦੦ |

ਸਤਿਗੁਰੂ ਪਾਤਿਸ਼ਾਹ ਨਾਮ ਦਾਨ, ਸਿੱਖੀ ਸਿੱਦਕ ਤੇ ਖ਼ੁਸ਼ੀਆਂ ਬਖ਼ਸ਼ਣ।

---

**ਰਿਸ਼ਤੇ ਨਾਤੇ—** ਲੋੜਵੰਦ ਸ਼ਜਣ ਚਿੱਠੀ 'ਸੂਰਾ' ਮਾਸਕ ਪੱਤਰ ਅੰਮ੍ਰਿਤਸਰ ਨੂੰ ਲਿਖਣ ਅਤੇ ਐਡਰੈਸ ਦੇ ਉਪਰ ਫ਼ਾਰਮ ਨੰਬਰ ਜ਼ਰੂਰ ਲਿਖਣ।

**ਫ਼ਾਰਮ ਨੰਬਰ ੨੯**—ਇਕ ੩੨ ਸਾਲਾ ਅੰਮ੍ਰਿਤਧਾਰੀ ਦੋਧੀ ਸਿੰਘ, ਕਦ ਸਾਢੇ ਪੰਜ ਫੁਟ, ਮਾਸਕ ਆਮਦਨੀ ਪੰਜ ਸੌ ਰੁਪਏ, ਦੁਹਾਜੂ, ਜ਼ਿਮੀਦਾਰ, ਲਈ ਤਿਆਰ-ਬਰ-ਬਰ ਸਿੰਘਣੀ ਦੀ ਲੋੜ ਹੈ।

**ਫ਼ਾਰਮ ਨੰਬਰ ੩੩**—ਇਕ ਅੰਮ੍ਰਿਤਧਾਰੀ ਪੰਜ ਬਾਣੀਆਂ ਦੀ ਨਿਤਨੇਮਣ ਬੀਬੀ, ਉਮਰ ੨੫ ਸਾਲ, ਕਦ ੫ ਫ਼ੁਟ ੨ ਇੰਚ, ਹਾਇਰ ਸਕੈਂਡਰੀ, ਸਟੈਨੋ ਡਿਪਲੋਮਾ ਪ੍ਰਾਪਤ, ਲਈ ਤਿਆਰ ਬਰ ਤਿਆਰ ਸਿੰਘ ਦੀ ਲੋੜ ਹੈ।

**ਫ਼ਾਰਮ ਨੰਬਰ ੩੬**—ਇਕ ੨੭ ਸਾਲਾ ਸਿੰਘ, ਕਦ ੫ ਫ਼ੁਟ ੮ ਇੰਚ, ਸਿਹਤ ਦਰਮਿਆਨੀ, ਪਰੈਪ ਪਾਸ, ਅਖੰਡਪਾਠੀ, ਤੇ ਡਾਕਖਾਨੇ ਵਿਚ ਪੋਸਟਮੈਨ, ਲਈ ਅੰਮ੍ਰਿਤਧਾਰੀ, ਕੁਝ ਪੜ੍ਹੀ ਹੋਈ ਬੀਬੀ ਦੀ ਲੋੜ ਹੈ।



www.AKJ.Org

# ਪਰਤੱਖ ਨੂੰ ਪਰਮਾਣ ਦੀ ਲੋੜ ਨਹੀਂ

ਪਿਆਰੇ ਜੀ, ਅਜ ਮੇਰੀ ਕਥਾ ਕਹਾਣੀ ਸੁਣੋ ਜੀ। ਅਜ ੧੭-੧੨-੭੫ ਸਵੇਰੇ ਨੌਂ ਦਸ ਵਜੇ ਬਾਹਰ ਜੰਗਲ ਵਿਚ ਬੈਠਿਆਂ, ਨਾਮ ਜਪਦਿਆਂ, ਨਾਮ-ਰੰਗਾਂ ਵਿਚ ਅਚਾਨਕ ਮੈਨੂੰ ੨੧—੩—੭੫ ਵਾਲਾ ਐਕਸੀ-ਡੈਂਟ, ਖੱਬੀ ਪਸਲੀ ਟੁਟਣ ਦਾ ਵਾਕਿਆ, ਖ਼ੂਬ ਪਰਤੱਖ ਨਦਰੀ ਆਇਆ। ਡਿਗਣ ਸਾਰ ਮੇਰੀ ਜੁਗਾਂ ਦੀ ਪੁਤਰੀ ਬਲਵੰਤ ਕੌਰ ਨੇ ਦੁਹਾਈ ਦਿਤੀ ਕਿ ਮੇਰਾ ਬਾਪੂ ਜੀ ਅੰਡਰ ਗਰਾਊਂਡ ਟੋਏ (ਭੋਰੇ) ਵਿਚ ਡਿਗ ਪਿਆ ਹੈ। ਸਰਦਾਰ ਰਾਮ ਸਿੰਘ ਢਿਲੋਂ ਸਭ ਤੋਂ ਪਹਿਲਾਂ ਮੇਰੇ ਪਾਸ ਪੁਜੇ। ਮੇਰੀ ਪਸਲੀ ਟੁਟਣ ਕਰਕੇ ਸਖ਼ਤ ਦਰਦ ਤੇ ਜਿਵੇਂ ਮੇਰਾ ਅੰਤ ਆ ਗਿਆ ਹੈ, ਮੈਂ ਜ਼ੋਰ ਜ਼ੋਰ ਉਚੀ ਗੁਰ-ਮੰਤਰ ਦਾ ਜਾਪ ਖ਼ੂਬ ਕੀਤਾ। ਫੇਰ ਮੈਨੂੰ ਉਪਰ ਲੈ ਆਏ। ਮੈਂ ਤੁਰ ਕੇ ਆਇਆ। ਮੈਨੂੰ ਪੁਤਰੀ ਬਲਵੰਤ ਕੌਰ ਤੇ ਰਾਮ ਸਿੰਘ ਢਿਲੋਂ ਆਪਣੀ ਕਾਰ ਵਿਚ, ਹੱਡੀਆਂ ਦੇ ਡਾਕਟਰ ਕਰਮ ਸਿੰਘ ਗਰੇਵਾਲ ਪਾਸ ਲੈ ਗਏ। ਉਸ ਨੇ ਖ਼ੂਬ ਦੇਖਿਆ, ਪਰ ਫ਼ੀਸ ਨਹੀਂ ਲਈ। ਕਹਿਣ ਲਗਾ, ਪਸਲੀ ਟੁੱਟੀ ਹੈ, ਪਰ ਟੁੱਟੀ ਹੋਈ ਸਿੱਧੀ ਹੈ, ਭਾਵ ਫਿਰ ਜੁੜ ਜਾਣ ਦਾ ਮੁਅਜਜ਼ਾ ਹੈ।

ਮੈਨੂੰ ਤਰਨ ਤਾਰਨ ਘਰ ਲੈ ਆਏ। ਦਵਾਈ ਡਾਕਟਰ ਗਰੇਵਾਲ ਦੀ ਵਰਤੀ। ਮੈਂ ਉਠ ਨਹੀਂ ਸੀ ਸਕਦਾ, ਪਿਸ਼ਾਬ ਨਹੀਂ ਸੀ ਕਰ ਸਕਦਾ, ਦਰਦ ਬਹੁਤ ਸੀ। **ਹੁਣ ਸੁਣੋ ਪਰਤੱਖ ਕਹਾਣੀ,** ਪਰਮਾਣ ਦੀ ਲੋੜ ਨਹੀਂ ਹੈ। ਸਭ ਨੂੰ, ਮੇਰੇ ਘਰ ਵਾਲਿਆਂ ਨੂੰ ਯਕੀਨ ਕਿ ਉਮਰ ੮੬ ਸਾਲ, ਬੁਢਾਪਾ, ਪਸਲੀ ਟੁਟਣ ਕਰਕੇ ਹੁਣ ਸਾਬਤ—ਠੀਕ ਹੋਣਾ ਨਾਮੁਮਕਿਨ ਹੈ। ਪਰ ਜੱਥੇ ਦੇ ਪਿਆਰਿਆਂ ਸੈਂਕੜੇ ਗੁਰੂ-ਸਜਣਾਂ ਨੇ ਮੇਰੇ ਲਈ ਬੇਅੰਤ ਅਰਦਾਸਾਂ, ਪੱਤਰ, ਤਾਰਾਂ ਤੇ ਬਹੁਤ ਪਿਆਰ ਦੂਰੋਂ ਦੂਰੋਂ ਭੇਜੇ। ਕੋਟਾ, ਬੂੰਦੀ, ਨਾਰਨੌਲ, ਮੇਰਠ, ਬਰੇਲੀ, ਆਗਰਾ, ਕਾਨਪੁਰ, ਦਿਲੀ, ਅੰਬਾਲਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਸ੍ਰੀ ਨਗਰ ਆਦਿਕ ਤੋਂ ਆਪ, ਨਾਲ ਸਿੰਘਣੀਆਂ, ਬੱਚੇ ਮੇਰੇ ਪਾਸ ਪੁਜੇ ਤੇ ਰੋ ਰੋ ਮੈਨੂੰ ਗਲਵਕੜੀ ਪਾ, ਕਈ ਪਿਆਰਿਆਂ ਨੇ ਮੇਰੇ ਨਮਿਤ ਪਾਠ ਚੌਪਈ, ਰਾਮਕਲੀ ਕੀ ਵਾਰ, ਛੇ ਅਖੰਡਪਾਠ ਤੇ ਬੇਅੰਤ ਅਰਦਾਸੇ ਕੀਤੇ। ਭਾਵ **ਧਰਮਰਾਇ ਨੂੰ ਪਰਚਾ ਬਦਲੀ ਕਰਨਾ ਪਿਆ।** ਮੈਂ ਕੁਛ ਦਿਨਾਂ ਵਿਚ ਨੌ-ਬਰ-ਨੌ ਠੀਕ ਹੋ ਗਿਆ, ਮੈਨੂੰ ਸੱਟ ਭੁਲ ਗਈ। ਮੈਨੂੰ ਮਿਲਣ ਲਈ ਕਈ ਪਿਆਰੇ ਵੀਰ ਆਏ ਤੇ ਮੈਨੂੰ ਵੇਖ ਕੇ ਕਹਿਣ ਲਗੇ ਕਿ ਅਗੇ ਨਾਲੋਂ ਤਕੜੇ ਹੋ ਗਏ ਹੋ, ਚੇਹਰਾ ਲਾਲ ਹੈ। ਡਾਕਟਰ ਗਰੇਵਾਲ ਨੂੰ ਮਿਲੇ ਤੇ ਕਹਿਣ ਲਗਾ, ਕੀ ਆਪ ਪੇਸ਼ੈਂਟ (ਬੀਮਾਰ) ਹੋ ? ਆਪਣਾ ਚੇਹਰਾ ਤਾਂ ਦੇਖੋ, ਲਾਲ ਹੈ। **ਇਹ ਪਰਤੱਖ ਕਲਾ ਗੁਰਮੁਖਾਂ ਪਿਆਰਿਆਂ ਦੀ ਹਮਦਰਦੀ, ਅਰ-ਦਾਸਾਂ ਤੇ ਅਖੰਡਪਾਠਾਂ ਦੇ ਭੋਗਾਂ ਦੀ ਵਰਤੀ ਹੈ।** ਅਜ ਮੈਨੂੰ ਨਾਮ-ਰੰਗਾਂ ਵਿਚ ਲੀਨ ਹੋਏ ਨੂੰ ਇਹ ਸਭ ਕੁਝ ਨਜ਼ਾਰਾ ਸਨਮੁਖ ਹੋਇਆ ਹੈ ਤੇ ਮੈਂ ਨਾਮ-ਰੰਗਾਂ ਵਿਚ ਲੀਨ ਖ਼ੂਬ ਖ਼ੂਬ, ਮੈਂ ਜਲ ਭਰਿਆ ਰੋਇ, ਤੇ ਨੇਤਰਾਂ ਨੇ ਜਲ ਨਹੀਂ ਡੋਲ੍ਹਿਆ, ਤੇ ਗੁਰਮੁਖ ਪਿਆਰੇ ਵੀਰਾਂ ਭੈਣਾਂ ਦਾ ਉਪਕਾਰ ਚੇਤੇ ਕਰ ਕਰ, ਉਨ੍ਹਾਂ ਪਿਆਰਿਆਂ ਦੇ ਚਰਨ ਪਰਸ ਕੀਤੇ ਹਨ। ਇਹ ਲੇਖ ਪਿਆਰ ਭਰਿਆ, ਦਰਦ ਭਰਿਆ, ਉਨ੍ਹਾਂ ਪਿਆਰਿਆਂ ਦੇ ਚਰਨ ਪਰਸ, ਪਰਕਰਮਾ ਕਰ, ਹੱਥ ਜੋੜ, ਗਲਵਕੜੀ ਪਾ, ਗੁਰਮੁਖਾਂ ਦੇ ਚਰਨ ਮਸਤਕ ਲਾ, ਆਪਣੀ ਜੇਭਾ ਨਾਲ ਚਰਨ ਚਟ ਚਟ, ਰਸ-ਲੀਨ ਹੋਇ ਗੁਰੂ ਫਤਹ ਤੇ ਖਿਮਾ ਦੀ ਬੇਨਤੀ ਨਿਮਰਤਾ ਸਹਿਤ ਪਹੁੰਚ। ਨਾਲੇ ਹੱਥ ਜੋੜ ਬੇਨਤੀ ਹੈ ਕਿ **ਜਦੋਂ ਮੇਰਾ ਅੰਤ ਅਕਾਲ ਚਲਾਣਾ ਸੁਣੋ** ਤਾਂ ਫੇਰ ਵੀ ਮੇਰੀ ਅਰਦਾਸ ਜ਼ਰੂਰ ਕਰਨੀ; ਭਾਵੇਂ ਉਹ ਵੀਰ ਉਸ ਵਕਤ ਮਾਤ ਲੋਕ ਵਿਚ ਹੋਵਣ ਤੇ ਭਾਵੇਂ ਬੇਗਮ-ਪੁਰੇ ਸ਼ਹਿਰ ਹੋਵਣ, ਪਰ ਮੇਰੀ ਸਹਾਇਤਾ ਬਖ਼ਸ਼ਸ਼ ਅਰਦਾਸ ਜ਼ਰੂਰ ਕਰਨ। ਗੁਰੂ ਦਾ ਵਾਸਤਾ ਹੈ। ਪਿਆਰੇ ਜੀ, ਵਾਕਿਆ ਪਰਤੱਖ ਵੇਖਿਆ ਹੈ, ਪਰਮਾਣ ਦੀ ਲੋੜ ਨਹੀਂ ਹੈ। ਧੰਨ ਸਤਿਗੁਰੂ, ਧੰਨ ਸਤਿਗੁਰੂ ਦੀ ਸੰਗਤ, ਧੰਨ ਗੁਰਸਿਖ। "ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ", ਪਰ ਮੈਂ ਅੱਖੀਂ ਵਖਿਆ ਹੈ, ਸਚ ਹੈ ਸਚ, ਸਚ ਹੈ। ਮੇਰਾ ਹਿਰਦਾ, ਮੇਰੀ ਜ਼ਮੀਰ, ਮੇਰਾ ਦਿਲ ਗੁਰਮੁਖ ਪਿਆਰਿਆਂ ਤੋਂ ਵਾਰਨੇ, ਬਲਿਹਾਰਨੇ ਲੱਖ ਵਾਰ ਹੈ, ਮੈਨੂੰ ਮੋਏ ਨੂੰ ਜ਼ਿੰਦਾ ਕਰ ਕੇ ਨਵੀਂ ਜ਼ਿੰਦਗੀ ਬਖ਼ਸ਼ੀ ਹੈ। ਹਾਂ ਜੀਉ, ਮੈਨੂੰ ਭੁਲਾਵਣਾ ਨਹੀਂ।

ਤੁਹਾਡਾ ਪਿਆਰਾ

ਸੇਵਾਦਾਰ ਲਾਲ ਗੋਲਾ ਦਾਸ ਮਲ ਸਿੰਘ ਨਾਭਾ

www.AKJ.org

# ਪੋਹ ਸੁਦੀ ਸਪਤਮੀ ਦੇ ਸਾਲਾਨਾ ਕੀਰਤਨ ਸਮਾਗਮ ਲੁਧਿਆਣਾ ਵਿਖੇ

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਦਿਵਸ ਗੁਰਪੁਰਬ ਸਦਾ ਵਾਂਗ ਮਾਡਲ ਟਾਊਨ ਲੁਧਿਆਣਾ ਵਿਖੇ ਐਤਕੀ ੬ ਜਨਵਰੀ ਸਵੇਰ ਤੋਂ ੯ ਜਨਵਰੀ ਸਵੇਰ ਤਕ ਮਣਾਇਆ ਜਾ ਰਿਹਾ ਹੈ। ਪੂਰਾ ਪ੍ਰੋਗਰਾਮ ਦਸੰਬਰ ੭੫ ਵਿਚ ਵੇਖੋ

# ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ 'ਸੂਰਾ' ਮਾਸਕ ਪੱਤਰ ਦੇ ਦਸ ਨਵੇਂ ਅਮਾਨਤੀ ਲਾਈਫ ਮੈਂਬਰ ਬਣੇ ਹਨ। ਨੌਂ ਦੇਸ ਵਾਸੀਆਂ ਦੇ ਸੌ ਸੌ ਰੁਪਏ ਅਤੇ ਇਕ ਯੂ. ਕੇ. ਨਿਵਾਸੀ ਦੇ 650-ਰੁਪਏ ਪੰਜਾਬ ਸਿੰਧ ਬੈਂਕ, ਹਾਲ ਬਜ਼ਾਰ, ਅੰਮ੍ਰਿਤਸਰ ਵਿਚ ਜਮ੍ਹਾ ਕਰਾ ਕੇ, ਹੇਠ ਲਿਖੀਆਂ ਐਫ-ਡੀਆਂ ਬਣਵਾ ਦਿਤੀਆਂ ਹਨ :—

| | | | |
|---|---|---|---|
| 50. ਸ: ਜਸਵੰਤ ਸਿੰਘ ਜੀ ਝਰੀਆ | (ਚਿਟ ਨੰਬਰ 344) | 399675-1773-75 | ਮਿਤੀ 24-12-75 |
| 51. ਸ: ਮਨਸ਼ਾ ਸਿੰਘ ਜੀ ਭੋਗਲ | ( ,, 304) | 399676-1774-75 | ,, |
| 52. ਸ: ਇੰਦਰਜੀਤ ਸਿੰਘ ਜੀ ਠੁਕਰਾਲ | ( ,, 470) | 399677-1775-75 | ,, |
| 53. ਖ਼ਾਲਸਾ ਬੂਟ ਹਾਊਸ ਸ਼ਿਮਲਾ | ( ,, 184) | 399678-1776-75 | ,, |
| 54. ਸ. ਸੁਰਜੀਤ ਸਿੰਘ ਆਗਰਾ | ( ,, 480) | 399679-1777-75 | ,, |
| 55. ਡਾ: ਜਸਪਾਲ ਸਿੰਘ ਮਹਿਤਾ | ( ,, 481) | 399680-1778-75 | ,, |
| 56. ਸ: ਮਹਿੰਦਰ ਸਿੰਘ ਸੈਨੇਟਰੀ ਇਨਸਪੈਕਟਰ | ( ,, 638) | 399681-1779-75 | ,, |
| 57. ਸਰਦਾਰ ਅਤੇ ਸਰਦਾਰਨੀ ਨਰੈਣ ਸਿੰਘ | ( ,, 736) | 399682-1780-75 | ,, |
| 58. ਸ੍ਰੀ ਹਰਨਾਮ ਦਾਸ ਬਲਵੰਤ ਸਿੰਘ | ( ,, 990) | 399683-1781-75 | ,, |
| 59. ਸ: ਮਨੋਹਰ ਸਿੰਘ ਜੀ ਰੀਹਲ ਯੂ. ਕੇ. | ( ,, 2011) | 399684-1782-75 | ,, |

ਅਮਾਨਤੀ ਲਾਈਫ ਮੈਂਬਰ ਦੇਸ ਲਈ 100/- ਪਰਦੇਸ ਸਭ ਥਾਈਂ ਸਮੁੰਦਰੀ ਡਾਕ 250/—

ਹਵਾਈ ਡਾਕ ਯੂ. ਕੇ. ਅਫਰੀਕਾ ਆਦਿ 650/— ਮਲਾਇਆ ਸਿੰਘਾਪੁਰ ਤੇ ਅਰਬ ਆਦਿ 500/—

ਇਹ ਰਕਮਾਂ ਗਾਹਕਾਂ ਦੀਆਂ ਰਹਿਣਗੀਆਂ, 'ਸੂਰਾ' ਪੱਤਰ ਨੇ ਚੰਦੇ ਵਜੋਂ ਕੇਵਲ ਸੂਦ ਹੀ ਲੈਣਾ ਹੈ।

# 'ਗੁਰਮਤਿ ਬਿਬੇਕ' ਪੁਸਤਕ ਛਪ ਗਈ

ਭਾਈ ਸਾਹਿਬ ਰਣਧੀਰ ਸਿੰਘ ਜੀ [illegible] ਤਕ 'ਗੁਰਮਤਿ ਬਿਬੇਕ' ਨਵੇਂ ਰੂਪ ਵਿਚ ਸੁਧਾਈ ਹੋ ਕੇ ਵਡੇ ਸਾਈਜ਼ ਵਿਚ ਛਪ ਗਈ ਹੈ। ਭੇਟਾ ੭-੫੦

| | | | |
|---|---|---|---|
| ਹੋਰ ਪੁਸਤਕਾਂ—ਅੰਮ੍ਰਿਤ ਕੀ ਹੈ | ੨-੦੦ | ਗੁਰਮਤਿ ਰਮਜ਼ਾਂ | ੧-੩੦ |
| ਰੰਗਲੇ ਸਜਣ | ੩-੫੦ | ਗੁਰਮਤਿ ਸਚ ਨਿਰਣੇ | ੬-੦੦ |
| ਦਰਸ਼ਨ ਝਲਕਾਂ | ੨-੫੦ | ਅਨਹਦ ਸ਼ਬਦ ਦਸਮ ਦੁਆਰ | ੩-੫੦ |
| ਗੁਰਮਤਿ ਗੌਰਵਤਾ | ੭-੦੦ | ਝਟਕਾ ਮਾਸ ਪ੍ਰਥਾਇ ਤਤ ਨਿਰਣੇ | ੩-੦੦ |
| ਜੀਵਨ ਬ੍ਰਿਤਾਂਤ | ੦-੫੦ | ਅਣਪਰਖਿਆ ਹੀਰਾ | ੦-੭੫ |

ਇਨ੍ਹਾਂ ਤੋਂ ਇਲਾਵਾ ਹੋਰ ਪੁਸਤਕਾਂ [illegible] ਤੂੰ ਜਿਉਂ ਛਪਦੀਆਂ ਜਾਣਗੀਆਂ, ਇਤਲਾਹ ਦਿੰਦੇ ਜਾਵਾਂਗੇ।

www.AKJ.Org